8-DEC-PAGE-1.qxd 12/7/2023 10:39 PM Page 1

ਸ਼ੁੱਕਰਵਾਰ, 8 ਦਸੰਬਰ, 2023
23 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 188

# ਨਵਾਂ ਜ਼ਮਾਨਾ

DAILY NAWAN ZAMANA • FRIDAY, 8 DECEMBER, 2023 ਜਲੰਧਰ

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

## ਪਨੂੰ ਵਿਵਾਦ ਦਰਮਿਆਨ ਐੱਫ ਬੀ ਆਈ ਡਾਇਰੈਕਟਰ ਦਾ ਦੌਰਾ ਅਗਲੇ ਹਫਤੇ



**ਨਵੀਂ ਦਿੱਲੀ** : ਅਮਰੀਕਾ ਦੀ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ (ਐੱਫ ਬੀ ਆਈ) ਦੇ ਡਾਇਰੈਕਟਰ ਕ੍ਰਿਸਟੋਫਰ ਰੇਅ ਦੇ ਅਗਲੇ ਹਫਤੇ ਭਾਰਤ ਆਉਣ ਦੀ ਸੰਭਾਵਨਾ ਹੈ। ਸੂਤਰਾਂ ਮੁਤਾਬਕ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਉਨ੍ਹਾ ਅੱਗੇ ਖਾਲਿਸਤਾਨੀ ਅੱਤਵਾਦੀ ਗੁਰਪਤਵੰਤ ਸਿੰਘ ਪਨੂੰ ਦੇ ਮਾਮਲੇ ਨੂੰ ਚੁੱਕਣ ਦੀ ਤਿਆਰੀ ਕਰ ਰਹੀ ਹੈ। ਆਪਣੀ ਯਾਤਰਾ ਦੌਰਾਨ ਰੇਅ ਸੀ ਬੀ ਆਈ ਅਤੇ ਐੱਨ ਆਈ ਏ ਦੇ ਅਧਿਕਾਰੀਆਂ ਨੂੰ ਮਿਲਣਗੇ। ਰੇਅ ਦਾ ਦੌਰਾ ਉਦੋਂ ਹੋ ਰਿਹਾ ਹੈ, ਜਦੋਂ ਕੁਝ ਸਮਾਂ ਪਹਿਲਾਂ ਅਮਰੀਕਾ ਦੇ ਸਰਕਾਰੀ ਵਕੀਲਾਂ ਨੇ ਅਦਾਲਤ ਵਿਚ ਲਿਖ ਕੇ ਦਿੱਤਾ ਹੈ ਕਿ ਅਮਰੀਕਾ ਨੇ ਪਨੂੰ ਨੂੰ ਮਾਰਨ ਦੀ ਉਸ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਸੀ, ਜਿਸ ਵਿਚ ਭਾਰਤ ਦਾ ਇਕ ਅਧਿਕਾਰੀ ਤੇ ਅਮਰੀਕਾ ਰਹਿੰਦਾ ਇਕ ਭਾਰਤੀ ਸ਼ਾਮਲ ਸਨ।

ਪਿਛਲੇ ਦਿਨੀਂ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਭਾਰਤ ਦੌਰੇ ਦੌਰਾਨ ਵੀ ਪਨੂੰ ਮਾਮਲੇ ਵਿਚ ਚਰਚਾ ਕੀਤੀ ਸੀ। ਅਖਬਾਰ 'ਵਾਸ਼ਿੰਗਟਨ ਪੋਸਟ' ਨੇ ਪਿਛਲੇ ਹਫਤੇ ਖਬਰ ਦਿੱਤੀ ਸੀ ਕਿ ਅਮਰੀਕਾ ਸਰਕਾਰ ਪਨੂੰ ਖਿਲਾਫ ਸਾਜ਼ਿਸ਼ ਦਾ ਪੂਰਾ ਪਤਾ ਲਾਉਣ ਲਈ ਇਸ ਕਦਰ ਗੰਭੀਰ ਹੈ ਕਿ ਉਸ ਨੇ ਅਗਸਤ ਤੇ ਅਕਤੂਬਰ ਵਿਚ ਸੀ ਆਈ ਏ ਡਾਇਰੈਕਟਰ ਵਿਲੀਅਮ ਜੇ ਬਰਨਜ਼ ਤੇ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਐਵਰਿਲ ਹੇਨਸ ਨੂੰ ਭਾਰਤ ਘੱਲਿਆ ਸੀ। ਅਮਰੀਕਾ ਦੇ ਪ੍ਰਿੰਸੀਪਲ ਡਿਪਟੀ ਨੈਸ਼ਨਲ ਸਕਿਉਰਿਟੀ ਐਡਵਾਈਜ਼ਰ ਜੋਨਾਥਨ ਫਾਈਨਰ ਨੇ ਵੀ ਇਸੇ ਹਫਤੇ ਭਾਰਤ ਦਾ ਦੌਰਾ ਕੀਤਾ ਸੀ ਅਤੇ ਵਿਦੇਸ਼ ਮੰਤਰੀ ਜੈਸ਼ੰਕਰ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਤੇ ਵਿਦੇਸ਼ ਸਕੱਤਰ ਵਿਨੇ ਕਵਾਤੜਾ ਨਾਲ ਇਸ ਮਾਮਲੇ 'ਤੇ ਗੱਲਬਾਤ ਕੀਤੀ ਸੀ। ਫਾਈਨਰ ਨੇ ਭਾਰਤ ਨੂੰ ਕਿਹਾ ਕਿ ਅਮਰੀਕਾ ਸਾਜ਼ਿਸ਼ਕਾਰ ਦਾ ਪਤਾ ਲਾਉਣ ਲਈ ਗੰਭੀਰ ਹੈ। ਇਸੇ ਦੌਰਾਨ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਵੀਰਵਾਰ ਰਾਜ ਸਭਾ ਵਿਚ ਕਿਹਾ ਕਿ ਭਾਰਤ ਨੇ ਅਮਰੀਕਾ ਤੋਂ ਮਿਲੀ ਜਾਣਕਾਰੀ ਦੀ ਘੋਖ ਕਰਨ ਲਈ ਜਾਂਚ ਕਮੇਟੀ ਕਾਇਮ ਕੀਤੀ ਹੈ, ਕਿਉਂਕਿ ਇਹ ਦੇਸ਼ ਦੀ ਕੌਮੀ ਸੁਰੱਖਿਆ ਨਾਲ ਜੁੜਿਆ ਮਾਮਲਾ ਹੈ। ਜੈਸ਼ੰਕਰ ਨੇ ਪ੍ਰਸ਼ਨ ਕਾਲ ਦੌਰਾਨ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ—ਜਿੱਥੋਂ ਤੱਕ ਅਮਰੀਕਾ ਦਾ ਸੰਬੰਧ ਹੈ, ਅਮਰੀਕਾ ਨਾਲ ਸਾਡੇ ਸੁਰੱਖਿਆ ਸਹਿਯੋਗ ਦੇ ਹਿੱਸੇ ਵਜੋਂ ਸਾਨੂੰ ਕੁਝ ਜਾਣਕਾਰੀਆਂ ਦਿੱਤੀਆਂ ਗਈਆਂ ਸਨ। ਉਹ ਜਾਣਕਾਰੀਆਂ ਸਾਡੇ ਲਈ ਚਿੰਤਾ ਦਾ ਵਿਸ਼ਾ ਹਨ, ਕਿਉਂਕਿ ਉਹ ਸੰਗਠਤ ਅਪਰਾਧ, ਤਸਕਰੀ ਦੇ ਗਠਜੋੜ ਨਾਲ ਸੰਬੰਧਤ ਹਨ।

ਉਨ੍ਹਾ ਨੂੰ ਇਹ ਵੀ ਪੁੱਛਿਆ ਗਿਆ ਕਿ ਕੈਨੇਡੀਅਨ ਸਰਕਾਰ ਵੱਲੋਂ ਲਾਏ ਦੋਸ਼ਾਂ ਸੰਬੰਧੀ ਅਜਿਹੇ ਕਦਮ ਕਿਉਂ ਨਹੀਂ ਚੁੱਕੇ ਗਏ। ਇਸ ਦੇ ਜਵਾਬ 'ਚ ਉਨ੍ਹਾ ਕਿਹਾ—ਜਿੱਥੋਂ ਤੱਕ ਕੈਨੇਡਾ ਦਾ ਸੰਬੰਧ ਹੈ, ਸਾਨੂੰ ਕੋਈ ਖਾਸ ਸਬੂਤ ਜਾਂ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਇਸ ਲਈ ਅਜਿਹਾ ਕਦਮ ਚੁੱਕਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ, ਕਿਉਂਕਿ ਇੱਕ ਨੇ ਜਾਣਕਾਰੀ ਦਿੱਤੀ ਹੈ ਅਤੇ ਦੂਜੇ ਨੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ।

## ਦਰਿਆ ਜੋੜਨ ਲਈ ਵਾਜਪਾਈ ਦਾ ਵਿਚਾਰ ਪੂਰਾ ਕਰਨ ਲਈ ਵਚਨਬੱਧ : ਸ਼ੇਖਾਵਤ

**ਨਵੀਂ ਦਿੱਲੀ** : ਕੇਂਦਰੀ ਜਲ ਊਰਜਾ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਵੀਰਵਾਰ ਕਿਹਾ ਕਿ ਕੇਂਦਰ ਸਰਕਾਰ ਰਾਜਾਂ ਵਿਚਾਲੇ ਆਪਸੀ ਸਮਝੌਤਿਆਂ ਦੇ ਆਧਾਰ 'ਤੇ ਦਰਿਆਵਾਂ ਨੂੰ ਆਪਸ ਵਿਚ ਜੋੜਨ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਵਿਚਾਰ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

ਉਨ੍ਹਾ ਲੋਕ ਸਭਾ 'ਚ ਪ੍ਰਸ਼ਨ ਕਾਲ 'ਚ ਇਹ ਵੀ ਕਿਹਾ ਕਿ ਜੇ ਸਾਰੇ ਸੂਬੇ ਸਹਿਮਤ ਹੋਣ ਅਤੇ ਦਰਿਆਵਾਂ ਨਾਲ ਸੰਬੰਧਤ ਸਾਰੇ ਲਿੰਕ ਜੁੜ ਜਾਣ ਤਾਂ ਸਦੀਆਂ ਲਈ ਜਲ ਸਰੋਤਾਂ ਦੀ ਕਮੀ ਦੀ ਚੁਣੌਤੀ ਨਾਲ ਨਜਿੱਠਿਆ ਜਾ ਸਕਦਾ ਹੈ। ਭਾਜਪਾ ਸੰਸਦ ਮੈਂਬਰ ਹੇਮਾ ਮਾਲਿਨੀ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਮੰਤਰੀ ਨੇ ਕਿਹਾ ਕਿ ਦੇਸ਼ 'ਚ ਦਰਿਆਵਾਂ ਨੂੰ ਆਪਸ ਵਿੱਚ ਜੋੜਨ ਦੇ ਸੰਬੰਧ 'ਚ ਪੰਜ ਤਰਜੀਹੀ ਪ੍ਰਾਜੈਕਟਾਂ ਦੀ ਪਛਾਣ ਕੀਤੀ ਗਈ ਹੈ, ਜਿਸ 'ਚ ਯੂ ਪੀ ਅਤੇ ਮੱਧ ਪ੍ਰਦੇਸ਼ ਦਰਮਿਆਨ ਸਮਝੌਤਾ ਹੋਇਆ ਹੈ ਅਤੇ ਪੜਾਅ-1 ਪੂਰਾ ਹੋ ਗਿਆ ਹੈ। ਪੜਾਅ-2 ਲਈ ਮਨਜ਼ੂਰੀ ਮਿਲਣ ਤੋਂ ਬਾਅਦ ਇਸ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਇਸੇ ਤਰ੍ਹਾਂ ਮੱਧ ਪ੍ਰਦੇਸ਼ ਅਤੇ ਰਾਜਸਥਾਨ ਨੂੰ ਵੀ ਅਜਿਹੇ 'ਲਿੰਕ' ਪ੍ਰਾਜੈਕਟ 'ਤੇ ਸਹਿਮਤੀ ਬਣਾਉਣ ਲਈ ਬੇਨਤੀ ਕੀਤੀ ਗਈ ਹੈ। ਉਨ੍ਹਾ ਕਿਹਾ ਕਿ 2014 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਬਣਨ ਤੋਂ ਬਾਅਦ ਦੇਸ਼ 'ਚ 31 ਅਜਿਹੇ 'ਲਿੰਕ' ਦੀ ਸ਼ਨਾਖਤ ਕੀਤੀ ਗਈ ਸੀ, ਜਿੱਥੇ ਪਾਣੀ ਦੀ ਬਹੁਤਾਤ ਹੈ ਅਤੇ ਜਿੱਥੋਂ ਘਾਟ ਵਾਲੇ ਇਲਾਕਿਆਂ 'ਚ ਪਾਣੀ ਪਹੁੰਚਾਇਆ ਜਾ ਸਕਦਾ ਹੈ।

## ਛੇਤੀ ਹੀ 100 ਹੋਰ ਆਮ ਆਦਮੀ ਕਲੀਨਿਕ ਖੁੱਲ੍ਹਣਗੇ : ਮੁੱਖ ਮੰਤਰੀ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਕਿਹਾ ਕਿ ਸੂਬਾ ਸਰਕਾਰ ਪੰਜਾਬ ਵਾਸੀਆਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਛੇਤੀ ਹੀ 100 ਹੋਰ ਆਮ ਆਦਮੀ ਕਲੀਨਿਕ ਸਮਰਪਿਤ ਕਰੇਗੀ। ਸਿਹਤ ਤੇ ਪਰਵਾਰ ਭਲਾਈ ਵਿਭਾਗ ਦੇ ਕੰਮਕਾਜ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸੂਬੇ ਵਿੱਚ ਮੁੱਢਲੀ ਸਿਹਤ ਸੰਭਾਲ ਦੀ ਕਾਇਆਕਲਪ ਕਰਨ ਲਈ ਵਚਨਬੱਧ ਹੈ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਤੱਕ 664 ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤੇ ਹਨ, ਜਿੱਥੇ 84 ਜ਼ਰੂਰੀ ਦਵਾਈਆਂ ਅਤੇ 40 ਤੋਂ ਵੱਧ ਟੈਸਟਾਂ ਦੀ ਸਹੂਲਤ ਮੁਫਤ ਮੁਹੱਈਆ ਕਰਵਾਈ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਉਂਦੇ ਦਿਨਾਂ ਵਿੱਚ 100 ਹੋਰ ਕਲੀਨਿਕ ਲੋਕਾਂ ਨੂੰ ਸਮਰਪਿਤ ਕਰਨ ਨਾਲ ਮਿਆਰੀ ਸਿਹਤ ਸੇਵਾਵਾਂ ਯਕੀਨੀ ਬਣਾਈਆਂ ਜਾ ਸਕਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਸੂਬੇ ਵਿੱਚ ਸਿਹਤ ਸੰਭਾਲ ਢਾਂਚੇ ਨੂੰ ਮਜ਼ਬੂਤ ਕਰਨ ਵਿੱਚ ਵਰਦਾਨ ਸਾਬਤ ਹੋ ਰਹੇ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਕਲੀਨਿਕਾਂ ਦਾ ਹੁਣ ਤੱਕ 80 ਲੱਖ ਤੋਂ ਵੱਧ ਲੋਕਾਂ ਨੇ ਲਾਭ ਲਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਕਲੀਨਿਕਾਂ ਨੇ ਸਿਹਤ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਹੈ, ਜਿਸ ਨਾਲ ਆਮ ਆਦਮੀ ਨੂੰ ਬਹੁਤ ਫਾਇਦਾ ਹੋਇਆ ਹੈ।

ਇੱਕ ਹੋਰ ਮੁੱਦੇ 'ਤੇ ਚਰਚਾ ਕਰਦਿਆਂ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸੂਬੇ ਵਿੱਚ ਨਵੇਂ ਬਣ ਰਹੇ ਮੈਡੀਕਲ ਕਾਲਜਾਂ ਨੂੰ ਚਾਲੂ ਕਰਨ ਲਈ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਲਈ ਆਖਿਆ। ਉਨ੍ਹਾ ਕਿਹਾ ਕਿ ਆਜ਼ਾਦੀ ਦੇ 75 ਸਾਲਾਂ ਬਾਅਦ ਸੂਬੇ ਵਿੱਚ ਸਿਰਫ ਤਿੰਨ ਮੈਡੀਕਲ ਕਾਲਜ ਖੁੱਲ੍ਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹੁਣ ਆਉਂਦੇ ਇੱਕ ● ਬਾਕੀ ਸਫ਼ਾ 2 'ਤੇ

## ਫੋਨ ਤੋੜਨ 'ਤੇ ਪਤੀ ਤੋਂ ਇੰਜ ਲਿਆ ਬਦਲਾ...

**ਬੇਂਗਲੁਰੂ** : ਪਤੀ-ਪਤਨੀ 'ਚ ਲੜਾਈ ਦੌਰਾਨ ਪਤੀ ਨੇ ਪਤਨੀ ਦਾ ਫੋਨ ਤੋੜ ਦਿੱਤਾ। ਪਤਨੀ ਗੁੱਸੇ 'ਚ ਆ ਗਈ ਅਤੇ ਬਦਲਾ ਲੈਣ ਲਈ ਉਸ ਨੇ ਪਤੀ ਦੇ ਮੋਬਾਈਲ ਤੋਂ ਪੁਲਸ ਅਧਿਕਾਰੀ ਨੂੰ ਬੰਬ ਦੀ ਧਮਕੀ ਭਰਿਆ ਸੁਨੇਹਾ ਭੇਜ ਦਿੱਤਾ। ਇਸ ਮਾਮਲੇ 'ਚ ਪੁਲਸ ਨੇ ਹੁਣ 32 ਸਾਲਾ ਔਰਤ (ਪਤਨੀ) ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਮੁਤਾਬਕ ਪਤੀ ਨੂੰ ਆਪਣੀ ਪਤਨੀ ਦੇ ਸੋਸ਼ਲ ਮੀਡੀਆ ਦੋਸਤਾਂ ਦਾ ਪਤਾ ਲੱਗਾ ਤਾਂ ਉਸਨੇ ਇਤਰਾਜ਼ ਕੀਤਾ ਅਤੇ ਪਤਨੀ ਦਾ ਫੋਨ ਤੋੜ ਦਿੱਤਾ। ਔਰਤ ਨੇ ਇਹ ਗੱਲ ਬਿਹਾਰ 'ਚ ਰਹਿੰਦੇ ਆਪਣੇ ਮਰਦ ਦੋਸਤ ਨੂੰ ਦੱਸੀ ਤਾਂ ਦੋਸਤ ਨੇ ਇਕ ਹੋਰ ਵਿਅਕਤੀ ਨਾਲ ਮਿਲ ਕੇ ਔਰਤ ਦੇ ਪਤੀ ਨੂੰ ਫਸਾਉਣ ਦੀ ਯੋਜਨਾ ਬਣਾਈ। ਤਿੰਨ ਦਸੰਬਰ ਨੂੰ ਦੋਸਤ ਦੇ ਕਹਿਣ 'ਤੇ ਔਰਤ ਨੇ ਆਪਣੇ ਪਤੀ ਦੇ ਫੋਨ ਤੋਂ ਪੁਲਸ ਅਧਿਕਾਰੀ ਨੂੰ ਬੰਬ ਦੀ ਝੂਠੀ ਧਮਕੀ ਭੇਜੀ, ਜਿਸ 'ਚ ਦਾਅਵਾ ਕੀਤਾ ਗਿਆ ਸੀ ਕਿ ਸ਼ਹਿਰ 'ਚ ਕਈ ਆਰ ਡੀ ਐਕਸ ਬੰਬ ਧਮਾਕੇ ਕੀਤੇ ਜਾਣਗੇ। ਇਸ ਤੋਂ ਬਾਅਦ ਪਤਨੀ ਨੇ ਪਤੀ ਦੇ ਨੰਬਰ ਤੋਂ ਮੈਸੇਜ ਹਿਸਟਰੀ ਡਿਲੀਟ ਕਰ ਦਿੱਤੀ, ਤਾਂ ਜੋ ਪਤੀ ਨੂੰ ਪਤਾ ਨਾ ਲੱਗ ਸਕੇ। ਪੁਲਸ ਨੇ ਪਤਨੀ ਨੂੰ ਹਿਰਾਸਤ 'ਚ ਲੈ ਲਿਆ ਅਤੇ ਪੁੱਛਗਿੱਛ ਦੌਰਾਨ ਔਰਤ ਨੇ ਕਬੂਲ ਕੀਤਾ ਕਿ ਉਸ ਨੇ ਫੋਨ ਤੋੜਨ ਦਾ ਬਦਲਾ ਲੈਣ ਲਈ ਆਪਣੇ ਪਤੀ ਦੇ ਫੋਨ ਤੋਂ ਧਮਕੀ ਭਰਿਆ ਸੰਦੇਸ਼ ਭੇਜਿਆ ਸੀ। ਪੁਲਸ ਨੇ ਮਹਿਲਾ ਅਤੇ ਉਸਦੇ ਦੋਸਤ ਖਿਲਾਫ ਆਈ ਪੀ ਸੀ ਦੀਆਂ ਵੱਖ-ਵੱਖ ਧਾਰਾਵਾਂ ਦੇ ਨਾਲ-ਨਾਲ ਸੂਚਨਾ ਤਕਨਾਲੋਜੀ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਹੈ।

## ਹਾਈ ਕੋਰਟ ਦੇ 112 ਜੱਜ ਲਾਉਣ ਦੀ ਪ੍ਰਕਿਰਿਆ ਜਾਰੀ : ਮੇਘਵਾਲ

**ਨਵੀਂ ਦਿੱਲੀ** : ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਵੀਰਵਾਰ ਰਾਜ ਸਭਾ ਵਿਚ ਕਿਹਾ ਕਿ ਸਰਕਾਰ ਹਾਈ ਕੋਰਟਾਂ ਵਿਚ ਜੱਜਾਂ ਦੀਆਂ 112 ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਵਿਚ ਹੈ। ਹਾਈ ਕੋਰਟਾਂ 'ਚ ਜੱਜਾਂ ਦੀ ਕੁਲ ਪ੍ਰਵਾਨਤ ਗਿਣਤੀ 1,114 ਹੈ, ਜਿਨ੍ਹਾਂ ਵਿੱਚੋਂ 790 ਆਸਾਮੀਆਂ ਭਰੀਆਂ ਗਈਆਂ ਹਨ, ਜਦੋਂ ਕਿ 234 ਖਾਲੀ ਹਨ।

ਉਨ੍ਹਾ ਪ੍ਰਸ਼ਨ ਕਾਲ ਦੌਰਾਨ ਸਵਾਲਾਂ ਦੇ ਜਵਾਬ 'ਚ ਕਿਹਾ ਕਿ ਹਾਈ ਕੋਰਟ ਕੋਲੀਜੀਅਮ ਨੇ 292 ਨਾਂਵਾਂ ਦੀ ਸਿਫਾਰਸ਼ ਕੀਤੀ ਹੈ, ਜਿਨ੍ਹਾਂ ਵਿੱਚੋਂ 110 ਦੀ ਨਿਯੁਕਤੀ ਹੋ ਚੁੱਕੀ ਹੈ, ਜਦਕਿ 112 ਦੀ ਪ੍ਰਕਿਰਿਆ ਚੱਲ ਰਹੀ ਹੈ। ਸੁਪਰੀਮ ਕੋਰਟ 'ਚ ਜੱਜਾਂ ਦੀ ਮਨਜ਼ੂਰਸ਼ੁਦਾ ਸਾਰੀਆਂ 34 ਆਸਾਮੀਆਂ ਭਰੀਆਂ ਹੋਈਆਂ ਹਨ।

## ਰੇਵੰਤ ਰੈੱਡੀ ਵਜ਼ਾਰਤ 'ਚ ਦਲਿਤ ਉਪ ਮੁੱਖ ਮੰਤਰੀ



**ਹੈਦਰਾਬਾਦ** : ਤਿਲੰਗਾਨਾ ਕਾਂਗਰਸ ਵਿਧਾਇਕ ਦਲ ਦੇ ਨੇਤਾ ਅਨੁਮੁਲਾ ਰੇਵੰਤ ਰੈੱਡੀ ਨੇ ਵੀਰਵਾਰ ਬਾਅਦ ਦੁਪਹਿਰ ਸੂਬੇ ਦੇ ਦੂਜੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। 56 ਸਾਲਾ ਨੇਤਾ ਦਾ ਸਹੁੰ ਚੁੱਕ ਸਮਾਗਮ ਵਿਸ਼ਾਲ ਲਾਲ ਬਹਾਦੁਰ ਸਟੇਡੀਅਮ 'ਚ ਹੋਇਆ। ਰਾਜਪਾਲ ਤਮਿਲੀਸਾਈ ਸੁੰਦਰਰਾਜਨ ਨੇ ਸਹੁੰ ਚੁਕਾਈ। ਦਲਿਤ ਆਗੂ ਮੱਲੂ ਬੀ ਵਿਕਰਮਰਕਾ ਨੇ ਉਪ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। 10 ਹੋਰਾਂ ਨੇ ਮੰਤਰੀ ਵਜੋਂ ਸਹੁੰ ਚੁੱਕੀ। ਸਮਾਗਮ 'ਚ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਸੋਨੀਆ ਗਾਂਧੀ, ਰਾਹੁਲ ਗਾਂਧੀ ਤੇ ਹੋਰ ਕਈ ਨੇਤਾ ਸ਼ਾਮਲ ਹੋਏ।


## 'ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ' ਸਕੀਮ ਦੀ ਸ਼ੁਰੂਆਤ 10 ਤੋਂ

**ਸ੍ਰੀ ਫਤਿਹਗੜ੍ਹ ਸਾਹਿਬ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਆਖਿਆ ਕਿ ਲੋਕਾਂ ਨੂੰ ਘਰੇ ਬੈਠਿਆਂ ਨਾਗਰਿਕ ਸੇਵਾਵਾਂ ਮੁਹੱਈਆ ਕਰਨ ਲਈ ਸੂਬਾ ਸਰਕਾਰ 10 ਦਸੰਬਰ ਨੂੰ 'ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ' ਸਕੀਮ ਦੀ ਸ਼ੁਰੂਆਤ ਕਰੇਗੀ।

ਸ੍ਰੀ ਫਤਿਹਗੜ੍ਹ ਸਾਹਿਬ ਤੇ ਬੱਸੀ ਪਠਾਣਾਂ ਦੇ ਸਾਂਝ ਕੇਂਦਰਾਂ ਦੇ ਅਚਨਚੇਤ ਦੌਰੇ ਉਤੇ ਪੁੱਜੇ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਸੁਚਾਰੂ ਤਰੀਕੇ ਤੇ ਆਸਾਨੀ ਨਾਲ ਇਹ ਸੇਵਾਵਾਂ ਮੁਹੱਈਆ ਕਰਨ ਦੇ ਉਦੇਸ਼ ਨਾਲ ਇਹ ਕਦਮ ਚੁੱਕਿਆ ਗਿਆ ਹੈ। ਉਨ੍ਹਾ ਕਿਹਾ ਕਿ ਘਰ-ਘਰ ਤੱਕ ਸੇਵਾਵਾਂ ਦੇਣ ਦੀ ਸ਼ੁਰੂਆਤ ਵਾਲੀ ਇਹ ਪਹਿਲਕਦਮੀ ਲੋਕਾਂ ਦੀ ਸਰਕਾਰੀ ਸੇਵਾਵਾਂ ਤੱਕ ਸਿੱਧੀ ਤੇ ਆਸਾਨ ਪਹੁੰਚ ਮੁਹੱਈਆ ਕਰਵਾਏਗੀ। ਮਾਨ ਨੇ ਕਿਹਾ ਕਿ ਇਸ ਪਹਿਲਕਦਮੀ ਤਹਿਤ ਜਨਮ ਤੇ ਮੌਤ, ਆਮਦਨ, ਰਿਹਾਇਸ਼, ਜਾਤ ਤੇ ਪੈਨਸ਼ਨ ਦਾ ਸਰਟੀਫਿਕੇਟ, ਬਿਜਲੀ ਬਿੱਲਾਂ ਦੀ ਅਦਾਇਗੀ ਅਤੇ ਹੋਰ ਸੇਵਾਵਾਂ ਸੂਬੇ ਭਰ ਵਿੱਚ ਘਰ-ਘਰ ਤੱਕ ਮੁਹੱਈਆ ਹੋਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ 1076 ਨੰਬਰ ਹੈੱਲਪਲਾਈਨ ਉਤੇ ਕਾਲ ਕਰ ਕੇ ਆਪਣੀ ਸਹੂਲਤ ਮੁਤਾਬਕ ਸਮਾਂ ਦੇ ਕੇ ਇਹ ਸੇਵਾਵਾਂ ਲਈਆਂ ਜਾ ਸਕਣਗੀਆਂ। ਬਿਨੈਕਾਰ ਨੂੰ ਸੰਬੰਧਤ ਸੇਵਾ ਲੈਣ ਲਈ ਲੋੜੀਂਦੇ ਦਸਤਾਵੇਜ਼, ਫੀਸ ਅਤੇ ਹੋਰ ਸ਼ਰਤਾਂ ਬਾਰੇ ਦੱਸ ਦਿੱਤਾ ਜਾਵੇਗਾ, ਜਿਸ ਲਈ ਬਿਨੈਕਾਰ ਨੂੰ ਐੱਸ ਐੱਮ ਐੱਸ ਪ੍ਰਾਪਤ ਹੋਵੇਗਾ, ਜਿਸ ਰਾਹੀਂ ਲੋੜੀਂਦੇ ਦਸਤਾਵੇਜ਼ਾਂ ਤੇ ਮਿਤੀ ਤੇ ਸਮੇਂ ਬਾਰੇ ਪਤਾ ਚੱਲੇਗਾ। ਮਿੱਥੇ ਸਮੇਂ ਮੁਤਾਬਕ ਵਿਸ਼ੇਸ਼ ਸਿਖਲਾਈ ਪ੍ਰਾਪਤ ਮੁਲਾਜ਼ਮ ਟੈਬਲੈੱਟ ਲੈ ਕੇ ਸੰਬੰਧਤ ਬਿਨੈਕਾਰ ਦੇ ਘਰ ਜਾਂ ਦਫ਼ਤਰ ਜਾਣਗੇ ਅਤੇ ਸਾਰੀ ਲੋੜੀਂਦੀ ਕਾਗਜ਼ੀ ਪ੍ਰਕਿਰਿਆ ਪੂਰੀ ਕਰਨਗੇ ਤੇ ਫੀਸ ਜਮ੍ਹਾਂ ਕਰਨਗੇ। ਇਸ ਤੋਂ ਇਲਾਵਾ ਬਿਨੈਕਾਰ ਨੂੰ ਪਹੁੰਚ ਰਸੀਦ ਦਿੱਤੀ ਜਾਵੇਗੀ, ਜਿਸ ਰਾਹੀਂ ਉਹ ਆਪਣੀ ਅਰਜ਼ੀ ਉਤੇ ਚੱਲ ਰਹੀ ਪ੍ਰਕਿਰਿਆ ਬਾਰੇ ਜਾਣ ਸਕੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦੀ ਜੋੜ ਮੇਲ ਦੌਰਾਨ ਅਕੀਦਤ ਭੇਟ ਕਰਨ ਲਈ ਫਤਿਹਗੜ੍ਹ ਸਾਹਿਬ ਆਉਣ ਵਾਲੇ ਹਜ਼ਾਰਾਂ ● ਬਾਕੀ ਸਫ਼ਾ 2 'ਤੇ

## ਕਸ਼ਮੀਰ ਠੰਢ ਦੀ ਜਕੜ 'ਚ



**ਸ੍ਰੀਨਗਰ** : ਬੁੱਧਵਾਰ ਦੀ ਰਾਤ ਸ੍ਰੀਨਗਰ 'ਚ ਸੀਜ਼ਨ ਦੀ ਸਭ ਤੋਂ ਠੰਢੀ ਰਹੀ। ਘੱਟੋ-ਘੱਟ ਤਾਪਮਾਨ ਮਨਫੀ 2.6 ਦਰਜ ਕੀਤਾ ਗਿਆ। ਗੁਲਮਰਗ 'ਚ ਮਨਫੀ 2.5 ਅਤੇ ਪਹਿਲਗਾਮ 'ਚ ਮਨਫੀ 4.9 ਦਰਜ ਕੀਤਾ ਗਿਆ। ਜੰਮੂ 'ਚ 9.6, ਕਟੜਾ 'ਚ 9.2, ਬਟੋਟੇ 'ਚ 4.3, ਭਦਰਵਾਹ 'ਚ 1.5 ਅਤੇ ਬਨਿਹਾਲ 'ਚ 1 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ। ਲੇਹ 'ਚ ਮਨਫੀ 13.5, ਕਾਰਗਿਲ 'ਚ ਮਨਫੀ 11 ਅਤੇ ਦਰਾਸ 'ਚ ਮਨਫੀ 12.2 ਸੈਲਸੀਅਸ ਦਰਜ ਕੀਤਾ ਗਿਆ।

## ਧੂੰਆਂ ਨਿਕਲਣ 'ਤੇ ਯਾਤਰੀ ਟਰੇਨ 'ਚੋਂ ਉੱਤਰੇ

**ਭੁਬਨੇਸ਼ਵਰ** : ਕੱਟਕ ਰੇਲਵੇ ਸਟੇਸ਼ਨ 'ਤੇ ਵੀਰਵਾਰ ਭੁਬਨੇਸ਼ਵਰ-ਹਾਵੜਾ ਜਨ ਸ਼ਤਾਬਦੀ ਐਕਸਪ੍ਰੈੱਸ ਦੇ ਡੱਬੇ ਦੇ ਹੇਠਲੇ ਹਿੱਸੇ 'ਚੋਂ ਜਦੋਂ ਧੂੰਆਂ ਨਿਕਲਣ ਲੱਗਾ ਤਾਂ ਯਾਤਰੀ ਹੇਠਾਂ ਉੱਤਰ ਗਏ। ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਪਹੀਏ ਨੂੰ ਬ੍ਰੇਕ ਵੱਲੋਂ ਨਾ ਛੱਡਣ ਕਾਰਨ ਟਰੇਨ ਨੂੰ ਸਵੇਰੇ 6.30 ਵਜੇ ਸਟੇਸ਼ਨ 'ਤੇ ਰੋਕਣਾ ਪਿਆ। ਬ੍ਰੇਕ ਹਟਾਉਣ ਦੇ ਬਾਅਦ ਟਰੇਨ ਸਵੇਰੇ 7.15 ਵਜੇ ਰਵਾਨਾ ਹੋਈ।


## ਰੂਸੀ ਰਾਸ਼ਟਰਪਤੀ ਦੀ ਚੋਣ 17 ਮਾਰਚ ਨੂੰ

**ਮਾਸਕੋ** : ਰੂਸੀ ਸੰਸਦ ਮੈਂਬਰਾਂ ਨੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਲਈ ਪੰਜਵੀਂ ਵਾਰ ਚੋਣ ਲੜਨ ਦਾ ਰਾਹ ਸਾਫ ਕਰਦਿਆਂ ਰਾਸ਼ਟਰਪਤੀ ਦੀ ਚੋਣ 17 ਮਾਰਚ 2024 'ਚ ਕਰਾਉਣ ਦਾ ਫੈਸਲਾ ਕੀਤਾ ਹੈ। 71 ਸਾਲਾ ਪੁਤਿਨ ਨੇ ਹਾਲੇ ਆਪਣੇ ਇਰਾਦੇ ਜ਼ਾਹਰ ਨਹੀਂ ਕੀਤੇ, ਪਰ ਆਸ ਹੈ ਕਿ ਉਹ ਛੇਤੀ ਹੀ ਅਜਿਹਾ ਕਰਨਗੇ।

## ਜਿਊਲਰ ਪਿਓ-ਪੁੱਤ ਵੱਲੋਂ ਖ਼ੁਦਕੁਸ਼ੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ 'ਚ ਜਿਊਲਰ ਪਿਓ-ਪੁੱਤ ਵੱਲੋਂ ਇੱਕ ਨੇ ਨਹਿਰ ਵਿੱਚ ਛਾਲ ਮਾਰ ਦਿੱਤੀ ਅਤੇ ਦੂਜੇ ਨੇ ਜ਼ਹਿਰੀਲੀ ਚੀਜ਼ ਨਿਗਲ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਦੋਵਾਂ ਨੇ ਘਰੇਲੂ ਝਗੜੇ ਕਾਰਨ ਇਹ ਕਦਮ ਚੁੱਕਿਆ। ਪਿਤਾ ਦੀ ਲਾਸ਼ ਨੂੰ ਪੋਸਟਮਾਰਟਮ ਲਈ ਫਰੀਦਕੋਟ ਮੈਡੀਕਲ ਕਾਲਜ ਵਿਖੇ ਰਖਵਾਇਆ ਗਿਆ ਹੈ, ਜਦਕਿ ਪੁੱਤਰ ਦੀ ਲਾਸ਼ ਅਜੇ ਤੱਕ ਨਹਿਰ 'ਚੋਂ ਬਰਾਮਦ ਨਹੀਂ ਹੋਈ। ਮ੍ਰਿਤਕਾਂ ਦੀ ਪਛਾਣ ਰਾਹੁਲ ਧਵਨ (32) ਵਾਸੀ ਧਰਮਪੁਰਾ ਅਤੇ ਉਸ ਦੇ ਪਿਤਾ ਰਜਿੰਦਰ ਧਵਨ (60) ਵਜੋਂ ਹੋਈ ਹੈ। ਬੀਤੇ ਬੁੱਧਵਾਰ ਸਵੇਰੇ ਪਿਓ-ਪੁੱਤ ਦੁਕਾਨ 'ਤੇ ਗਏ ਹੋਏ ਸਨ ਕਿ ਘਰੇਲੂ ਝਗੜੇ ਨੂੰ ਲੈ ਕੇ ਦੋਵਾਂ ਵਿਚਾਲੇ ਝਗੜਾ ਹੋਇਆ, ਜਿਸ ਤੋਂ ਬਾਅਦ ਰਜਿੰਦਰ ਨੇ ਘਰ ਆ ਕੇ ਕੋਈ ਜ਼ਹਿਰੀਲੀ ਚੀਜ਼ ਖਾ ਲਈ, ਜਿਸ ਕਾਰਨ ਉਸ ਦੀ ਹਾਲਤ ਵਿਗੜ ਗਈ। ਉਸ ਨੂੰ ਤੁਰੰਤ ਫ਼ਿਰੋਜ਼ਪੁਰ ਦੇ ਸਿਵਲ ਹਸਪਤਾਲ ਵਿਖੇ ਲਿਜਾਇਆ ਗਿਆ, ਜਿੱਥੇ ਹਾਲਤ ਗੰਭੀਰ ਹੋਣ 'ਤੇ ਡਾਕਟਰਾਂ ਨੇ ਉਸ ਨੂੰ ਫ਼ਰੀਦਕੋਟ ਮੈਡੀਕਲ ਕਾਲਜ/ ਹਸਪਤਾਲ ਲਈ ਰੈਫ਼ਰ ਕਰ ਦਿੱਤਾ, ਉਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਰਾਹੁਲ ਦੀ ਬਾਈਕ ਨਹਿਰ ਦੇ ਕੰਢੇ ਖੜ੍ਹੀ ਮਿਲੀ। ਪਿਤਾ ਦੀ ਮੌਤ ਦਾ ਪਤਾ ਲੱਗਣ 'ਤੇ ਰਾਹੁਲ ਨੇ ਫ਼ਿਰੋਜ਼ਪੁਰ-ਫ਼ਰੀਦਕੋਟ ਹਾਈਵੇ ਪਾਰ ਕਰਦੇ ਹੋਏ ਨਹਿਰ ਵਿੱਚ ਛਾਲ ਮਾਰ ਦਿੱਤੀ। ਗੋਤਾਖੋਰਾਂ ਵੱਲੋਂ ਲਾਸ਼ ਨੂੰ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ।

## ਪਰਾਲੀ ਸਮੱਸਿਆ ਨਾਲ ਨਜਿੱਠਣਾ ਸਾਰਿਆਂ ਦੀ ਜ਼ਿੰਮੇਵਾਰੀ : ਸੰਦੀਪ ਪਾਠਕ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ (ਆਪ) ਪੰਜਾਬ ਤੋਂ ਰਾਜ ਸਭਾ ਮੈਂਬਰ ਡਾ. ਸੰਦੀਪ ਪਾਠਕ ਨੇ ਵੀਰਵਾਰ ਨੂੰ ਸੰਸਦ ਵਿੱਚ ਪਰਾਲੀ ਦਾ ਮੁੱਦਾ ਉਠਾਇਆ ਅਤੇ ਕੇਂਦਰ ਸਰਕਾਰ ਨੂੰ ਇਸ ਦੇ ਹੱਲ ਲਈ ਪੰਜਾਬ ਸਰਕਾਰ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਡਾ: ਪਾਠਕ ਨੇ ਕਿਹਾ ਕਿ ਅਸੀਂ ਅਕਸਰ ਪਰਾਲੀ ਸਾੜਨ ਲਈ ਕਿਸਾਨਾਂ 'ਤੇ ਦੋਸ਼ ਮੜ੍ਹਦੇ ਹਾਂ, ਜਦਕਿ ਕੁਝ ਕਿਸਾਨ ਪਰਾਲੀ ਨੂੰ ਸ਼ੌਕ ਨਾਲ ਨਹੀਂ ਸਗੋਂ ਮਜਬੂਰੀ ਨਾਲ ਸਾੜਦੇ ਹਨ , ਇਸ ਲਈ ਸਰਕਾਰਾਂ ਸਪੱਸ਼ਟ ਤੌਰ 'ਤੇ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਤੋਂ ਰੋਕਣ ਦਾ ਸਭ ਤੋਂ ਵੱਡਾ ਹੱਲ ਇਹ ਹੈ ਕਿ ਸਰਕਾਰ ਕਿਸਾਨਾਂ ਨੂੰ ਉਚਿਤ ਵਿੱਤੀ ਸਹਾਇਤਾ ਦੇਵੇ। ਪੰਜਾਬ ਸਰਕਾਰ ਨੇ ਸੂਬੇ ਦੇ ਕਿਸਾਨਾਂ ਨੂੰ ਪਰਾਲੀ ਲਈ 1000 ਰੁਪਏ ਪ੍ਰਤੀ ਏਕੜ ਦੇਣ ਦੀ ਤਜਵੀਜ ਰੱਖੀ ਹੈ ਅਤੇ ਕੇਂਦਰ ਨੂੰ ਇਸ ਲਈ 1500 ਰੁਪਏ ਪ੍ਰਤੀ ਏਕੜ ਦੇਣ ਦੀ ਅਪੀਲ ਕੀਤੀ ਹੈ। ਜੇਕਰ ਕੇਂਦਰ ਪੰਜਾਬ ਸਰਕਾਰ ਦੀ ਗੱਲ ਮੰਨ ਲੈਂਦੀ ਹੈ ਤਾਂ ਕਿਸਾਨਾਂ ਨੂੰ 2500 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਇਹ ਸਮੱਸਿਆ ਜਲਦੀ ਹੱਲ ਹੋ ਜਾਵੇਗੀ। ਪਰਾਲੀ ਦੀ ਸਮੱਸਿਆ ਦਾ ਇੱਕ ਹੋਰ ਅਤੇ ਸਥਾਈ ਹੱਲ ਫਸਲੀ ਵਿਭਿੰਨਤਾ ● ਬਾਕੀ ਸਫ਼ਾ 2 'ਤੇ

## ਦਾਜ ਖ਼ਾਤਰ ਖ਼ੂਬਸੂਰਤੀ ਦਾ ਕਤਲ



**ਤਿਰੂਅਨੰਤਪੁਰਮ** : ਸਰਕਾਰੀ ਮੈਡੀਕਲ ਕਾਲਜ ਦੀ ਨੌਜਵਾਨ ਡਾਕਟਰ ਨੇ ਖੁਦਕੁਸ਼ੀ ਕਰ ਲਈ ਜਦੋਂ ਉਸ ਦਾ ਸਾਥੀ ਡਾਕਟਰ, ਜਿਸ ਨਾਲ ਉਸ ਨੇ ਵਿਆਹ ਕਰਾਉਣਾ ਸੀ, ਪਰਵਾਰ ਦੀ ਦਾਜ ਦੀ ਮੰਗ ਪੂਰੀ ਨਾ ਹੋਣ 'ਤੇ ਮੁੱਕਰ ਗਿਆ। ਜਦੋਂ ਸ਼ਾਹਾਨਾ ਬੀਤੇ ਸੋਮਵਾਰ ਡਿਊਟੀ 'ਤੇ ਨਾ ਆਈ ਤਾਂ ਸਾਥੀਆਂ ਨੇ ਦੇਖਿਆ ਕਿ 28 ਸਾਲਾ ਸ਼ਾਹਾਨਾ ਪੋਸਟ-ਗ੍ਰੈਜੂਏਟ ਸਟੂਡੈਂਟਸ ਹੋਸਟਲ ਵਿਚ ਬੇਸੁਰਤ ਪਈ ਹੈ। ਬਾਅਦ ਵਿਚ ਉਸ ਨੇ ਦਮ ਤੋੜ ਦਿੱਤਾ। ਸ਼ੁਰੂ ਵਿਚ ਪੁਲਸ ਨੇ ਗੈਰ-ਕੁਦਰਤੀ ਮੌਤ ਦਾ ਕੇਸ ਦਰਜ ਕੀਤਾ ਸੀ ਪਰ ਸ਼ਾਹਾਨਾ ਦੇ ਕਮਰੇ ਵਿੱਚੋਂ ਮਿਲੇ ਖੁਦਕੁਸ਼ੀ ਨੋਟ, ਜਿਸ ਵਿਚ ਉਸ ਨੇ ਸੰਕੇਤ ਦਿੱਤਾ ਹੈ ਕਿ ਰੁਵਾਈਜ਼ ਨੇ ਉਸ ਦੇ ਘਰਦਿਆਂ ਤੋਂ ਹੱਦੋਂ ਵੱਧ ਦਾਜ ਮੰਗਿਆ ਸੀ, ਤੋਂ ਬਾਅਦ ਕੇਸ ਵਿਚ ਦਾਜ ਰੋਕੂ ਕਾਨੂੰਨ ਤੇ ਖੁਦਕੁਸ਼ੀ ਲਈ ਉਕਸਾਉਣ ਦੀ ਧਾਰਾ ਲਾਉਣੀ ਪਈ।

ਪੁਲਸ ਨੇ ਮਾਮਲੇ ਵਿਚ ਰੈਜ਼ੀਡੈਂਟ ਟਰੇਨੀ ਡਾਕਟਰ ਈ ਏ ਰੁਵਾਈਜ਼, ਜੋ ਕਿ ਕੇਰਲਾ ਦੇ ਰੈਜ਼ੀਡੈਂਟ ਟਰੇਨੀ ਡਾਕਟਰਾਂ ਦੀ ਜਥੇਬੰਦੀ ਕੇਰਲਾ ਮੈਡੀਕਲ ਪੋਸਟ-ਗ੍ਰੈਜੂਏਟ ਐਸੋਸੀਏਸ਼ਨ ਦਾ ਪ੍ਰਧਾਨ ਵੀ ਹੈ, ਨੂੰ ਹਿਰਾਸਤ 'ਚ ਲੈ ਲਿਆ ਹੈ। ਮਾਮਲਾ ਸਾਹਮਣੇ ਆਉਣ ਤੋਂ ਬਾਅਦ ਐਸੋਸੀਏਸ਼ਨ ਨੇ ਰੁਵਾਈਜ਼ ਨੂੰ ਪ੍ਰਧਾਨਗੀ ਤੋਂ ਹਟਾ ਦਿੱਤਾ। ਪੁਲਸ ਨੇ ਦੱਸਿਆ ਕਿ ਸ਼ਾਹਾਨਾ ਤੇ ਰੁਵਾਈਜ਼ ਦੋਸਤ ਸਨ ਤੇ ਉਨ੍ਹਾਂ ਵਿਆਹ ਕਰਾਉਣ ਦਾ ਫੈਸਲਾ ਕੀਤਾ ਸੀ, ਪਰ ਤਿਰੂਅਨੰਤਪੁਰਮ ਦੇ ਵਨਜਾਰਾਮੂਡੂ 'ਚ ਰਹਿੰਦੇ ਸ਼ਾਹਾਨਾ ਦੇ ਪਰਵਾਰ ਵੱਲੋਂ ਦਾਜ ਦੀ ਮੰਗ ਪੂਰੀ ਕਰਨ ਤੋਂ ਅਸਮਰੱਥਾ ਜ਼ਾਹਰ ਕਰਨ 'ਤੇ ਵਿਆਹ ਤੋਂ ਮੁੱਕਰ ਗਿਆ। ਸ਼ਾਹਾਨਾ ਦੇ ਪਿਤਾ ਅਬਦੁਲ ਅਜ਼ੀਜ਼, ਜਿਸ ਨੇ ਕਈ ਸਾਲ ਮੱਧ-ਪੂਰਬ ਵਿਚ ਕੰਮ ਕੀਤਾ, ਦੀ ਦੋ ਸਾਲ ਪਹਿਲਾਂ ਮੌਤ ਹੋ ਗਈ ਸੀ। ਉਨ੍ਹਾਂ ਦੇ ਗਵਾਂਢੀ ਅਤੇ ਨੇਲਾਂਦ ਪਿੰਡ ਦੇ ਪੰਚ ਐਡਵੋਕੇਟ ਐੱਸ ਸੁਧੀਰ ਨੇ ਦੱਸਿਆ ਕਿ ਰੁਵਾਈਜ਼ ਪਿਛਲੇ ਮਹੀਨੇ ਵਿਆਹ ਦੀ ਤਜਵੀਜ਼ ਲੈ ਕੇ ਸ਼ਾਹਾਨਾ ਦੇ ਘਰ ਆਇਆ ਸੀ। ਫਿਰ ਸ਼ਾਹਾਨਾ ਦਾ ਪਰਵਾਰ ਰੁਵਾਈਜ਼ ਦੇ ਕੋਲਮ ਸਥਿਤ ਘਰ ਗਿਆ। ਵਿਆਹ ਤੈਅ ਹੋ ਗਿਆ ਸੀ ਤੇ ਸ਼ਾਹਾਨਾ ਬਹੁਤ ਖੁਸ਼ ਹੋਈ ਸੀ। ਸ਼ਾਹਾਨਾ ਦਾ ਪਰਵਾਰ 50 ਲੱਖ ਰੁਪਏ, 50 ਸੌਵਰੇਨ ਸੋਨਾ (ਇਕ ਸੌਵਰੇਨ 8 ਗਰਾਮ ਦਾ) ਤੇ ਕਾਰ ਦੇਣ ਲਈ ਤਿਆਰ ਹੋ ਗਿਆ ਸੀ, ਪਰ ਰੁਵਾਈਜ਼ ਨੇ 150 ਸੌਵਰੇਨ ਸੋਨਾ, 15 ਏਕੜ ਜ਼ਮੀਨ ਤੇ ਬੀ ਐੱਮ ਡਬਲਿਊ ਕਾਰ ਮੰਗੀ। ਸ਼ਾਹਾਨਾ ਦਾ ਪਰਵਾਰ ਏਨੀ ਮੰਗ ਪੂਰੀ ਨਹੀਂ ਕਰ ਸਕਦਾ ਸੀ, ਕਿਉਂਕਿ ਉਨ੍ਹਾਂ ਦੀ ਕਮਾਈ ਦਾ ਕੋਈ ਵਸੀਲਾ ਨਹੀਂ ਸੀ, ਸਿਰਫ 15 ਏਕੜ ਜ਼ਮੀਨ ਵਿਚ ਇਕ ਘਰ ਹੀ ਸੀ। ਮਾਂ ਧੀ ਦੇ ਵਿਆਹ ਲਈ ਜ਼ਮੀਨ ਵੀ ਵੇਚ ਸਕਦੀ ਸੀ। ਜਦੋਂ ਰੁਵਾਈਜ਼ ਨੇ ਦਾਜ ਦੀ ਮੰਗ ਪੂਰੀ ਨਾ ਹੋਣ 'ਤੇ ਵਿਆਹ ਤੋਂ ਨਾਂਹ ਕਰ ਦਿੱਤੀ ਤਾਂ ਸ਼ਾਹਾਨਾ ਮਾਨਸਿਕ ਤੌਰ 'ਤੇ ਹਿੱਲ ਗਈ। ਵਿਆਹ ਦਾ ਰੌਲਾ ਪੈ ਚੁੱਕਾ ਸੀ, ਇਸ ਕਰਕੇ ਸ਼ਾਹਾਨਾ ਹੋਰਨਾਂ ਨੂੰ ਮੂੰਹ ਦਿਖਾਉਣ ਦੇ ਲਾਇਕ ਨਹੀਂ ਰਹੀ ਸੀ। ਪਤਾ ਲੱਗਾ ਹੈ ਕਿ ਰੁਵਾਈਜ਼ ਨੇ ਹੋਰਨਾਂ ਵਿਦਿਆਰਥੀਆਂ ਅੱਗੇ ਸ਼ਾਹਾਨਾ ਦੀ ਜਨਤਕ ਤੌਰ 'ਤੇ ਬੇਇੱਜ਼ਤੀ ਵੀ ਕੀਤੀ ਸੀ। ਸਿਹਤ ਮੰਤਰੀ ਵੀਨਾ ਜਾਰਜ ਨੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਦੇ ਡਾਇਰੈਕਟਰ ਤੋਂ ਮਾਮਲੇ 'ਚ ਰਿਪੋਰਟ ਮੰਗੀ ਹੈ।

ਕੇਰਲਾ ਦੇ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਪੀ ਸਤੀਦੇਵੀ ਨੇ ਸ਼ਾਹਾਨਾ ਦੇ ਘਰ ਦਾ ਦੌਰਾ ਕੀਤਾ ਤੇ ਕਿਹਾ ਕਿ ਨੌਜਵਾਨ ਕੁੜੀਆਂ ਨੂੰ ਹਿੰਮਤ ਦਿਖਾਉਣੀ ਚਾਹੀਦੀ ਹੈ ਤੇ ਦਾਜ ਮੰਗਣ ਵਾਲਿਆਂ ਨੂੰ ਵਿਆਹ ਤੋਂ ਨਾਂਹ ਕਰ ਦੇਣੀ ਚਾਹੀਦੀ ਹੈ।

## ਬੱਸ-ਬਾਈਕ ਟੱਕਰ 'ਚ 2 ਸਕੇ ਭਰਾਵਾਂ ਸਮੇਤ 3 ਦੀ ਮੌਤ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਗੜ੍ਹਸ਼ੰਕਰ-ਚੰਡੀਗੜ੍ਹ ਰੋਡ 'ਤੇ ਪਿੰਡ ਪਨਾਮ ਲਾਗੇ ਇਕ ਪ੍ਰਾਈਵੇਟ ਬੱਸ ਤੇ ਮੋਟਰਸਾਈਕਲ ਦੀ ਜ਼ਬਰਦਸਤ ਟੱਕਰ 'ਚ ਮੋਟਰਸਾਈਕਲ ਸਵਾਰ 2 ਸਕੇ ਭਰਾਵਾਂ ਸਮੇਤ 3 ਵਿਅਕਤੀਆਂ ਦੀ ਮੌਤ ਹੋ ਗਈ। ਬੱਸ ਚੰਡੀਗੜ੍ਹ ਤੋਂ ਗੜ੍ਹਸ਼ੰਕਰ ਨੂੰ ਆ ਰਹੀ ਸੀ ਤੇ ਮੋਟਰਸਾਈਕਲ ਸਵਾਰ ਗੜ੍ਹਸ਼ੰਕਰ ਤੋਂ ਬਲਾਚੌਰ ਵਾਲੀ ਸਾਈਡ ਨੂੰ ਜਾ ਰਹੇ ਸਨ। ਮੋਟਰਸਾਈਕਲ ਸਵਾਰ 2 ਦੀ ਮੌਕੇ 'ਤੇ ਮੌਤ ਹੋ ਗਈ ਅਤੇ 1 ਗੰਭੀਰ ਜ਼ਖਮੀ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ।

ਬੱਸ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ। ਹਾਜ਼ਰ ਲੋਕਾਂ ਦੱਸਿਆ ਕਿ ਹਾਦਸਾ ਬੱਸ ਦੀ ਰਫਤਾਰ ਤੇਜ਼ ਹੋਣ ਨਾਲ ਵਾਪਰਿਆ। ਮ੍ਰਿਤਕਾਂ 'ਚ ਪਿੰਡ ਪਚਨੰਗਲਾਂ ਵਾਸੀ ਅੰਗੂਰੀ ਲਾਲ ਦੇ ਬੇਟੇ ਨਿੱਕੂ ਤੇ ਰੌਕੀ ਅਤੇ ਹੇਮਰਾਜ ਪੁੱਤਰ ਜਗਦੀਸ਼ ਰਾਮ ਪਿੰਡ ਪੰਚਨੰਗਲਾਂ ਸ਼ਾਮਲ ਹੈ। ਪੁਲਸ ਚੌਂਕੀ ਸਮੁੰਦੜਾ ਦੇ ਇੰਚਾਰਜ ਏ ਐੱਸ ਆਈ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੇ ਪਰਵਾਰਾਂ ਦੇ ਬਿਆਨਾਂ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਪਤਨੀ ਨੂੰ ਖੁਸ਼ ਕਰਨ ਦੇ ਚੱਕਰ 'ਚ ਗ੍ਰਿਫਤਾਰ

**ਚੰਡੀਗੜ੍ਹ** : ਮੁਹਾਲੀ 'ਚ 25 ਸਾਲਾ ਰਵਿਤ ਕਪੂਰ ਨੂੰ ਆਪਣੀ ਚੱਲਦੀ ਫੋਰਡ ਮਸਟੈਂਗ ਜੀਟੀ ਤੋਂ ਪਟਾਕੇ ਚਲਾਉਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ। ਉਹ ਮੁਹਾਲੀ ਦੇ ਸੈਕਟਰ 70 ਸਥਿਤ ਹੋਮਲੈਂਡ ਹਾਈਟਸ ਅਪਾਰਟਮੈਂਟ ਦਾ ਰਹਿਣ ਵਾਲਾ ਹੈ। ਵੀਡੀਓ 'ਚ ਦਿਖਾਇਆ ਗਿਆ ਕਿ ਰਵਿਤ ਕਪੂਰ ਖਾਲੀ ਸੜਕ 'ਤੇ ਕਾਰ ਨੂੰ ਹੌਲੀ-ਹੌਲੀ ਚਲਾ ਰਿਹਾ ਹੈ, ਜਦੋਂ ਕਿ ਰੰਗੀਨ ਸ਼ਾਟ ਅਸਮਾਨ 'ਚ ਰੌਸ਼ਨੀ ਬਿਖੇਰ ਰਹੇ ਹਨ। ਸ਼ਾਟ ਵਾਹਨ ਦੇ ਪਿੱਛੇ ਰੱਖੇ ਹੋਏ ਬਕਸੇ 'ਚੋਂ ਨਿਕਲਦੇ ਰਹੇ। ਕਾਰ ਰਵਿਤ ਦੀ ਪਤਨੀ ਹਰਿੰਦਰ ਕੌਰ ਮਾਨ ਦੇ ਨਾਂਅ 'ਤੇ ਹੈ। ਕਪੂਰ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ ਆਪਣੀ ਪਤਨੀ ਨੂੰ ਵਿਆਹ ਦੀ ਵਰ੍ਹੇਗੰਢ 'ਤੇ ਖੁਸ਼ ਕਰਨ ਲਈ ਇਹ ਸਟੰਟ ਕੀਤਾ। ਇਸ ਸਟੰਟ ਨੂੰ ਫਿਲਮਾਉਣ ਲਈ ਰਵਿਤ ਨੇ ਆਟੋ ਚਾਲਕ ਨੂੰ ਗੰਢਿਆ ਸੀ, ਜਿਸ ਨੇ ਇਸ ਦੀ ਵੀਡੀਓ ਬਣਾਈ। ਹਾਲੇ ਉਸ ਆਟੋ ਚਾਲਕ ਦੀ ਪਛਾਣ ਨਹੀਂ ਹੋਈ।

## ਅੱਜ-ਨਾਮਾ

ਪੰਜਾਬ ਸਰਕਾਰ ਦੀ ਔਕੜ ਨਾ ਘਟੀ ਬੇਲੀ,
ਦਿੱਤੀ ਨਹੀਂਉਂ ਗਵਰਨਰ ਕੁਝ ਢਿੱਲ ਬੇਲੀ।
ਵਖਰੇਵਾਂ ਵਿਚਾਰ ਦਾ ਮੁੱਕਿਆ ਅਜੇ ਨਾਹੀਂ,
ਚੱਲ ਰਹੀ ਉਵੇਂ ਟਕਰਾਅ ਦੀ ਮਿੱਲ ਬੇਲੀ।
ਸੰਦੇਸ਼ ਨਵਾਂ ਗਵਰਨਰ ਦਾ ਪੁੱਜ ਗਿਆ ਈ,
ਕਰਨਾ ਪਾਸ ਨਹੀਂ ਉਨ੍ਹਾਂ ਕੋਈ ਬਿੱਲ ਬੇਲੀ।
ਧਿਰਾਂ ਦੋਵਾਂ ਵਿੱਚ ਪਿਆ ਫਿਰ ਰਹੂ ਰੱਫੜ,
ਲਹਿੰਦੀ ਰਹਿਣੀ ਹੈ ਵਾਲ਼ ਦੀ ਛਿੱਲ ਬੇਲੀ।
ਅਟਕੇ ਕਾਰਜ ਸਰਕਾਰੀ ਇਹ ਸਭ ਰਹਿਣੇ,
ਲੱਗ ਰਹੇ ਬੰਨੇ ਨਹੀਂ ਕਿਸੇ ਵੀ ਜਾਪਦੇ ਈ।
ਸੋਚਣੀ ਦੂਜੇ ਦੀ ਕਹਿਣ ਪਏ ਗਲਤ ਦੋਵੇਂ,
ਆਪਣੇ ਮਤਲਬ ਲਈ ਰਾਗ ਅਲਾਪਦੇ ਈ।

-ਤੀਸ ਮਾਰ ਖਾਂ

## ਕਾਮਰੇਡ ਭਗਵਾਨ ਦਾਸ ਬਹਾਦਰਕੇ ਨੂੰ ਇਨਕਲਾਬੀ ਨਾਅਰਿਆਂ ਨਾਲ ਅੰਤਮ ਵਿਦਾਇਗੀ

**ਗੁਰੂ ਹਰਸਹਾਏ (ਦੀਪਕ ਵਧਾਵਨ)**

ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਕੌਂਸਲ ਮੈਂਬਰ ਅਤੇ ਬੇਰੁਜ਼ਗਾਰ ਨੌਜਵਾਨਾਂ ਦੇ ਰੁਜ਼ਗਾਰ ਲਈ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸਨ ਵੱਲੋਂ ਚਲਾਈ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੋਢੀ ਆਗੂਆਂ ਵਿੱਚੋਂ ਇਕ ਅਤੇ ਹਲਕੇ ਗੁਰੂ ਹਰਸਹਾਏ ਵਿੱਚ ਹੁੰਦੇ ਲੋਕ ਸੰਘਰਸ਼ਾਂ ਵਿੱਚ ਹਰ ਵੇਲੇ ਸਰਗਰਮ ਰਹਿਣ ਵਾਲੇ ਕਾਮਰੇਡ ਭਗਵਾਨ ਦਾਸ ਬਾਹਦਰਕੇ ਜਿਹਨਾ ਦੀ ਪਟਿਆਲਾ ਵਿਖੇ ਸੜਕ ਦੁਰਘਟਨਾ ਵਿੱਚ ਮੌਤ ਹੋ ਗਈ ਸੀ, ਦਾ ਅੰਤਮ ਸੰਸਕਾਰ ਉਹਨਾ ਦੇ ਜੱਦੀ ਪਿੰਡ ਬਹਾਦਰਕੇ ਵਿਖੇ ਕੀਤਾ ਗਿਆ। ਇਸ ਮੌਕੇ ਹਜ਼ਾਰਾਂ ਲੋਕਾਂ, ਪਾਰਟੀ ਵਰਕਰਾਂ, ਨੌਜਵਾਨਾਂ, ਵਿਦਿਆਰਥੀਆਂ, ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਇਨਕਲਾਬੀ ਜਥੇਬੰਦੀਆਂ ਦੇ ਕਾਰਕੁਨਾਂ, ਪਰਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਵੱਲੋਂ ਕਾਮਰੇਡ ਭਗਵਾਨ ਦਾਸ ਬਹਾਦਰਕੇ ਨੂੰ ਸੇਜਲ ਅੱਖਾਂ ਨਾਲ ਅੰਤਮ ਵਿਦਾਇਗੀ ਦਿੱਤੀ ਗਈ।

ਘਰ ਤੋਂ ਸ਼ਮਸ਼ਾਨਘਾਟ ਤੱਕ ਇਨਕਲਾਬੀ ਨਾਹਰਿਆਂ 'ਕਾਮਰੇਡ ਭਗਵਾਨ ਅਮਰ ਰਹੇ', ਸਾਥੀ ਭਗਵਾਨ ਤੇਰੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ' ਆਦਿ ਨਾਲ ਉਹਨਾ ਵੱਲੋਂ ਕੀਤੇ ਇਨਕਲਾਬੀ ਕਾਰਜ ਨੂੰ ਸਲਾਮ ਪੇਸ਼ ਕੀਤਾ ਗਿਆ।

ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਫਾਜ਼ਿਲਕਾ ਦੇ ਸਕੱਤਰ ਅਤੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੌਰਾਨ ਉਹਨਾ ਨਾਲ ਸ਼ੁਰੂਆਤ ਕਰਨ ਵਾਲੇ ਹੰਸ ਰਾਜ ਗੋਲਡਨ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਸੁਰਿੰਦਰ ਸਿੰਘ ਢੰਡੀਆਂ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ, ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਮਨ ਧਰਮੂ ਵਾਲਾ, ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਸਾਬਕਾ ਆਗੂ ਕੁਲਦੀਪ ਭੋਲਾ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਜਗਸੀਰ ਖੋਸਾ, ਭਾਰਤੀ





ਕਮਿਊਨਿਸਟ ਪਾਰਟੀ ਫਿਰੋਜ਼ਪੁਰ ਦੇ ਸਕੱਤਰ ਕਸ਼ਮੀਰ ਸਿੰਘ ਅਤੇ ਆਜ਼ਾਦੀ ਘੁਲਾਟੀਏ ਯੂਨੀਅਨ ਦੇ ਆਗੂਆਂ ਨਰਿੰਦਰ ਕੰਗ ਨੇ ਕਾਮਰੇਡ ਭਗਵਾਨ ਦਾਸ ਬਹਾਦਰਕੇ ਦੀ ਮ੍ਰਿਤਕ ਦੇਹ 'ਤੇ ਭਾਰਤੀ ਕਮਿਊਨਿਸਟ ਪਾਰਟੀ ਦਾ ਝੰਡਾ ਪਾ ਕੇ ਇਨਕਲਾਬੀ ਸਲਾਮੀ ਦਿੱਤੀ ਅਤੇ ਕਿਹਾ ਕਿ ਸਾਥੀ ਭਗਵਾਨ ਦਾਸ ਬਹਾਦਰਕੇ ਦੇ ਅਚਾਨਕ ਵਿਛੋੜਾ ਦੇਣ ਨਾਲ ਜਿੱਥੇ ਪਰਵਾਰ ਨੂੰ ਬਹੁਤ ਵੱਡਾ ਘਾਟਾ ਹੈ, ਉਥੇ ਭਾਰਤੀ ਕਮਿਊਨਿਸਟ ਪਾਰਟੀ ਅਤੇ ਹਰ ਸੰਘਰਸ਼ੀ ਧਿਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਕਤ ਆਗੂਆਂ ਨੇ ਪ੍ਰਣ ਕੀਤਾ ਕਿ ਉਹ ਕਾਮਰੇਡ ਭਗਵਾਨ ਦਾਸ ਬਹਾਦਰਕੇ ਦੇ ਅਧੂਰੇ ਰਹਿ ਗਏ ਕੰਮ ਨੂੰ ਪੂਰਾ ਕਰਨ ਲਈ ਸੰਘਰਸ਼ ਕਰਦੇ ਰਹਿਣਗੇ।

ਉਹਨਾਂ ਪਰਵਾਰ ਅਤੇ ਪਾਰਟੀ ਵਰਕਰਾਂ ਦੇ ਦੁੱਖ 'ਚ ਸ਼ਾਮਲ ਹੁੰਦਿਆਂ ਹੌਸਲਾ ਬਣਾਈ ਰੱਖਣ ਲਈ ਕਿਹਾ। ਕਾਮਰੇਡ ਭਗਵਾਨ ਦਾਸ ਬਹਾਦਰਕੇ ਨਮਿਤ ਸ਼ਰਧਾਂਜਲੀ ਸਮਾਗਮ 9 ਦਸੰਬਰ ਨੂੰ ਗੁਰਦੁਆਰਾ ਡੇਰਾ ਭਜਨਗੜ੍ਹ ਸਾਹਿਬ, ਗੋਲੂ ਕਾ ਮੋੜ ਵਿਖੇ 12 ਵਜੇ ਤੋਂ 1 ਵਜੇ ਤੱਕ ਹੋਵੇਗਾ।

ਨਵਾਂ ਜ਼ਮਾਨਾ
ਸ਼ੁੱਕਰਵਾਰ, 8 ਦਸੰਬਰ 2023

# ‘ਇੰਡੀਆ’ ਇੱਕਮੁੱਠ

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ‘ਇੰਡੀਆ’ ਗੱਠਜੋੜ ਦੇ ਨੇਤਾਵਾਂ ਦੀ 6 ਦਸੰਬਰ ਨੂੰ ਮੀਟਿੰਗ ਸੱਦੀ ਸੀ। ਅਗਲੇ ਦਿਨ ਹੀ ਵੱਖ-ਵੱਖ ਪਾਰਟੀਆਂ ਦੇ ਆਗੂਆਂ ਦੇ ਬਿਆਨ ਆਉਣੇ ਸ਼ੁਰੂ ਹੋ ਗਏ ਕਿ ਉਹ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਰਹੇ। ਇਹ ਸਾਰੇ ਅਹਿਮ ਪਾਰਟੀਆਂ ਦੇ ਆਗੂ ਸਨ। ਮੀਡੀਆ ਵਿੱਚ ਆਏ ਬਿਆਨਾਂ ਮੁਤਾਬਕ ਜੇ ਡੀ ਯੂ ਦੇ ਚੇਅਰਪਰਸਨ ਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਉਨ੍ਹਾ ਨੂੰ ਬੁਖਾਰ ਹੈ, ਇਸ ਲਈ ਉਹ ਮੀਟਿੰਗ ਵਿੱਚ ਨਹੀਂ ਜਾਣਗੇ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਉਸ ਦਿਨ ਉਨ੍ਹਾ ਦੇ ਹੋਰ ਰੁਝੇਵੇਂ ਹਨ। ਸਪਾ ਮੁਖੀ ਅਖਿਲੇਸ਼ ਯਾਦਵ ਨੇ ਵੀ ਮੀਟਿੰਗ ਵਿੱਚ ਖੁਦ ਸ਼ਾਮਲ ਹੋਣ ਤੋਂ ਅਸਮਰੱਥਾ ਪ੍ਰਗਟ ਕਰ ਦਿੱਤੀ। ਤਾਮਿਲਨਾਡੂ ਦੇ ਮੁੱਖ ਮੰਤਰੀ ਸਟਾਲਿਨ ਨੇ ਚੱਕਰਵਾਤੀ ਤੂਫ਼ਾਨ ਕਾਰਨ ਨਾ ਆ ਸਕਣ ਦਾ ਕਹਿ ਦਿੱਤਾ। ਇਸੇ ਤਰ੍ਹਾਂ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਵੀ ਇਹ ਕਹਿ ਕੇ ਮੀਟਿੰਗ ਵਿੱਚ ਆਉਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਸੂਬੇ ਵਿੱਚ ਮਸਰੂਫ਼ ਹਨ। ਗੋਦੀ ਮੀਡੀਆ ਨੇ ਇਨ੍ਹਾਂ ਬਿਆਨਾਂ ਨੂੰ ਲੈ ਕੇ ਅਜਿਹਾ ਮਾਹੌਲ ਸਿਰਜਣਾ ਸ਼ੁਰੂ ਕਰ ਦਿੱਤਾ ਜਿਵੇਂ ਮੱਧ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਦੀਆਂ ਚੋਣਾਂ ਵਿੱਚ ਕਾਂਗਰਸ ਦੇ ਹਾਰ ਜਾਣ ਬਾਅਦ ‘ਇੰਡੀਆ’ ਗੱਠਜੋੜ ਦਾ ਹੀ ਭੋਗ ਪੈ ਗਿਆ ਹੋਵੇ।

ਇਨ੍ਹਾਂ ਖ਼ਬਰਾਂ ਤੋਂ ਬਾਅਦ ਕਾਂਗਰਸ ਪ੍ਰਧਾਨ ਵੱਲੋਂ ਮੀਟਿੰਗ ਮੁਲਤਵੀ ਕਰਕੇ 6 ਦਸੰਬਰ ਨੂੰ ਸੰਸਦੀ ਤਾਲਮੇਲ ਕਮੇਟੀ ਦੀ ਮੀਟਿੰਗ ਰੱਖ ਲਈ ਗਈ ਸੀ। ਮੀਡੀਆ ਨੇ ਜਦੋਂ ਪੂਰੀ ਤਰ੍ਹਾਂ ਖਲਾਰਾ ਪਾ ਦਿੱਤਾ ਤਾਂ ਬਾਕੀ ਪਾਰਟੀਆਂ ਦੇ ਆਗੂਆਂ ਨੂੰ ਵੀ ਹੋਸ਼ ਆ ਗਈ। ਸਭ ਤੋਂ ਪਹਿਲਾਂ ਨਿਤੀਸ਼ ਕੁਮਾਰ ਨੇ ਕਿਹਾ ਕਿ ਕੌਣ ਕਹਿੰਦਾ ਹੈ ਕਿ ਉਹ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਣਗੇ ਤੇ ਇੰਡੀਆ ਗੱਠਜੋੜ ਇਕਜੁੱਟ ਰਹੇਗਾ। ਮਮਤਾ ਬੈਨਰਜੀ ਨੇ ਵੀ ਕਹਿ ਦਿੱਤਾ ਕਿ ਉਹ ਮੀਟਿੰਗ ਵਿੱਚ ਜਾਵੇਗੀ।

ਇਨ੍ਹਾਂ ਸਾਰੇ ਆਗੂਆਂ ਦੇ ਸੁਰ ਬਦਲ ਜਾਣ ਦਾ ਹੀ ਨਤੀਜਾ ਸੀ ਕਿ 6 ਦਸੰਬਰ ਨੂੰ ਤਾਲਮੇਲ ਕਮੇਟੀ ਵਿੱਚ 17 ਪਾਰਟੀਆਂ ਦੇ ਆਗੂ ਪਹੁੰਚ ਗਏ। ਖੜਗੇ ਵੱਲੋਂ ਦਿੱਤੇ ਰਾਤ ਦੇ ਖਾਣੇ ਦੇ ਸੱਦੇ ਵਿੱਚ ਇਨ੍ਹਾਂ ਪਾਰਟੀਆਂ ਦੇ 38 ਆਗੂ ਸ਼ਾਮਲ ਸਨ।

‘ਇੰਡੀਆ’ ਦੀ ਇਕਜੁਟਤਾ ਦਾ ਸੁਨੇਹਾ ਦੇਣ ਲਈ ਰਾਹੁਲ ਗਾਂਧੀ ਖੁਦ ਸਾਰਿਆਂ ਨੂੰ ਮਿਲੇ। ਕਾਂਗਰਸ ਦੇ ਆਦੇਸ਼ ’ਤੇ ਤੇਲੰਗਾਨਾ ਦੇ ਨਾਮਜ਼ਦ ਮੁੱਖ ਮੰਤਰੀ ਰੇਵੰਤ ਰੈਡੀ ਨੇ ਸਭ ਭਾਈਵਾਲ ਪਾਰਟੀਆਂ ਦੇ ਆਗੂਆਂ ਨੂੰ ਉਨ੍ਹਾ ਦੇ ਸਹੁੰ ਚੁੱਕ ਸਮਾਗਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਹ ਮੀਟਿੰਗ ਸਦਭਾਵਨਾ ਦੇ ਮਹੌਲ ਵਿੱਚ ਹੋਈ ਤੇ ਸਭ ਨੇ ਪੁਰਾਣੀਆਂ ਗੱਲਾਂ ਭੁਲਾ ਕੇ ਅੱਗੇ ਵਧਣ ਦਾ ਸੰਕਲਪ ਲਿਆ।

ਇਸ ਮੀਟਿੰਗ ਵਿੱਚ ਸ਼ਿਵ ਸੈਨਾ ਤੇ ਤ੍ਰਿਣਮੂਲ ਕਾਂਗਰਸ ਦੇ ਆਗੂ ਹਾਜ਼ਰ ਨਹੀਂ ਸਨ, ਪਰ ਸ਼ਿਵ ਸੈਨਾ ਆਗੂ ਸੰਜੇ ਰਾਉਤ ਨੇ ਦਿਨ ਵੇਲੇ ਖੜਗੇ ਨਾਲ ਮਿਲ ਕੇ ਆਪਣੀ ਮਜਬੂਰੀ ਦੱਸ ਦਿੱਤੀ ਸੀ। ਤ੍ਰਿਣਮੂਲ ਕਾਂਗਰਸ ਨੇ ਗਲਤਫਹਿਮੀ ਦੂਰ ਕਰਨ ਲਈ ਐਲਾਨ ਕਰ ਦਿੱਤਾ ਕਿ ਉਸ ਦੇ ਰਾਜ ਸਭਾ ਆਗੂ ਡੈਰੇਕ’ ਓ, ਬਰਾਇਨ ਹੈਦਰਾਬਾਦ ਵਿੱਚ ਰੇਵੰਤ ਰੈਡੀ ਦੇ ਸਹੁੰ ਚੁੱਕ ਸਮਾਗਮ ’ਚ ਸ਼ਾਮਲ ਹੋਣਗੇ। ਕੁੱਲ ਮਿਲਾ ਕੇ ਇਸ ਮੀਟਿੰਗ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ‘ਇੰਡੀਆ’ ਗੱਠਜੋੜ ਦੇ ਆਗੂ ਇਕਜੁੱਟ ਹਨ।

## ਵਿਆਹਾਂ ਤੇ ਭੋਗਾਂ ’ਤੇ ਫਜ਼ੂਲ ਖਰਚਾ ਕਿਉਂ ?

ਸਾਨੂੰ ਸਮਾਜ ਵਿੱਚ ਰਹਿੰਦੇ ਹੋਏ ਸਾਰੇ ਹੀ ਕੰਮਕਾਜ ਕਰਨੇ ਪੈਂਦੇ ਹਨ। ਇਨਸਾਨ ਅਜੋਕੇ ਸਮੇਂ ਵਿੱਚ ਰੁਝੇਵਿਆਂ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਅਸੀਂ ਆਮ ਹੀ ਵੇਖਦੇ ਹਾਂ ਕਿ ਸਾਡਾ ਸਮਾਜ ਵਿਆਹਾਂ ਅਤੇ ਭੋਗਾਂ ’ਤੇ ਫਜ਼ੂਲ ਹੀ ਖਰਚ ਕਰ ਰਿਹਾ ਹੈ , ਵੱਡੇ ਵੱਡੇ ਪੈਲਸਾਂ ਵਿੱਚ ਵਿਆਹ ਸਮੇਂ ਕਿੰਨੇ ਸਾਰੇ ਪਕਵਾਨ ਬਣਾਏ ਜਾਂਦੇ ਹਨ, ਮਹਿੰਗੇ ਤੋਂ ਮਹਿੰਗੇ ਸੂਟ ਕੁੜੀਆਂ ਕੱਤਰੀਆਂ ਪਾਉਂਦੀਆਂ ਹਨ ਅਤੇ ਸੈਲੂਨ ਵਿੱਚ ਜਾ ਕੇ ਘੰਟਿਆਂ ਬੱਧੀ ਆਪਣੇ ਵਾਲਾਂ ਦੀ ਸੈਟਿੰਗ ਜਿਵੇਂ ਕਿ ਹੇਅਰ ਸਪਾ, ਕੈਰਾਟੀਨ ਸਮੂਥਨਿੰਗ, ਅਤੇ ਵਾਲਾਂ ਦੀ ਹੇਅਰ ਕੱਟ ਕਰਵਾਉਂਦੀਆਂ ਹਨ ਜੋ ਕਿ ਸਮੇਂ ਅਤੇ ਪੈਸੇ ਦੀ ਬਰਬਾਦੀ ਹੈ।

ਵਿਆਹ ਦੇ ਸਮੇਂ ਡੀਜ਼ੇ ’ਤੇ ਉੱਚੀ ਉੱਚੀ ਵੱਜਦੇ ਗਾਣੇ, ਸ਼ੋਰ ਸ਼ਰਾਬਾ ਅਤੇ ਮਹਿੰਗੇ ਮਹਿੰਗੇ ਪਟਾਕੇ, ਘਰ ਦੀ ਡੈਕੋਰੇਸ਼ਨ ’ਤੇ ਕਿੰਨਾ ਫਜ਼ੂਲ ਖਰਚਾ ਕਰਦੇ ਹਾਂ।

ਇਸੇ ਤਰ੍ਹਾਂ ਹੀ ਅਗਰ ਕੋਈ ਬਜ਼ੁਰਗ ਸਵਰਗਵਾਸ ਹੋ ਜਾਂਦਾ ਹੈ ਤਾਂ ਉਸ ਦੇ ਭੋਗ ਸਮੇਂ ਕਿੰਨਾ ਖਰਚ ਕੀਤਾ ਜਾਂਦਾ ਹੈ । ਚਾਹ ਦੇ ਨਾਲ ਬਰਫੀ, ਗੁਲਾਬ ਜਾਮਣ, ਬਰੈਡ ਪਕੌੜੇ, ਰੋਟੀ ਵੇਲੇ ਮਟਰ ਪਨੀਰ ,ਦਾਲਾਂ ਮਿਕਸ ਸਬਜ਼ੀ, ਜਲੇਬੀਆਂ, ਮੂੰਗ ਦਾ ਹਲਵਾ ਏਨਾ ਕੁੱਝ ਬਣਾਇਆ ਜਾਂਦਾ ਹੈ।

ਜੇ ਕਿਸੇ ਨੂੰ ਪੁੱਛਿਆ ਜਾਵੇ ਕਿ ਏਨਾ ਖਰਚਾ ਕਿਉਂ ਕੀਤਾ ਤਾਂ ਕਹਿੰਦੇ, ਕੋਈ ਨਾ ਜੀ ਸਮਾਜ ਵਿੱਚ ਰਹਿੰਦਿਆਂ ਕਰਨਾ ਪੈਂਦਾ, ਲੋਕ-ਲੱਜ ਰੱਖਣੀ ਪੈਂਦੀ ਹੈ।

ਜਿਊਂਦੇ ਜੀ ਅਸੀਂ ਆਪਣੇ ਬਜ਼ੁਰਗਾਂ ਨੂੰ ਬਿਰਧ ਆਸ਼ਰਮ ਵਿੱਚ ਛੱਡ ਆਉਂਦੇ ਹਾਂ ਅਤੇ ਨਾ ਹੀ ਉਨ੍ਹਾਂ ਨੂੰ ਚੱਜ ਨਾਲ ਦਵਾਈ ਬੂਟੀ ਦਿਵਾਉਂਦੇ ਹਾਂ, ਨਾ ਕਦੇ ਉਨ੍ਹਾਂ ਦੀ ਅਸੀਂ ਖਬਰ ਸਾਰ ਲੈਂਦੇ ਹਾਂ ।

ਲੋਕ ਕੀ ਕਹਿਣਗੇ ਕਿ ਬਾਪੂ ਜੀ ਨੇ ਕਿੰਨੀ ਕਮਾਈ ਕੀਤੀ ਸੀ, ਇਕੱਲੀ ਦਾਲ ਰੋਟੀ ਹੀ ਪਾ ਦਿੱਤੀ । ਗੁਰਦੁਆਰਾ ਸਾਹਿਬ ਵਿੱਚ ਵੀ ਪੰਗਤ ਦੀ ਜਗ੍ਹਾ ਕੁਰਸੀਆਂ ਟੇਬਲ ਲਗਾ ਕੇ ਸਜਾ ਦਿੱਤੇ ਜਾਂਦੇ ਹਨ ਅਤੇ ਬਹਿਰਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ । ਟੈਂਟ ਵਾਲੇ ਨੂੰ ਵੀ ਹਜ਼ਾਰਾਂ ਰੁਪਏ ਦੇ ਦਿੱਤੇ ਜਾਂਦੇ ਹਨ।

ਸੋ ਸਾਨੂੰ ਸਾਰਿਆਂ ਨੂੰ ਵਿਆਹਾਂ ਉੱਪਰ ਏਨਾ ਖਰਚ ਕਰਨ ਦੀ ਬਜਾਏ ਬੱਚਿਆਂ ਨੂੰ ਚੰਗੀ ਐਜੂਕੇਸ਼ਨ ਦੇਣੀ ਚਾਹੀਦੀ ਹੈ ।

ਇਸੇ ਤਰ੍ਹਾਂ ਹੀ ਭੋਗਾਂ ਸਮੇਂ ਖਰਚਾ ਘੱਟ ਕਰਨਾ ਚਾਹੀਦਾ ਹੈ। ਜਿਊਂਦੇ ਜੀ ਮਾਂ ਪਿਓ ਦੀ ਸੇਵਾ ਕਰਨੀ ਚਾਹੀਦੀ ਹੈ। ਸਾਦੇ ਭੋਗ ਅਤੇ ਸਾਦੇ ਵਿਆਹ ਕਰਨੇ ਚਾਹੀਦੇ ਹਨ। ਫਜ਼ੂਲ ਖਰਚਿਆਂ ਤੋਂ ਬਚਣਾ ਚਾਹੀਦਾ ਹੈ।

-ਸੂਬੇਦਾਰ ਜਸਵਿੰਦਰ ਸਿੰਘ, 81461-95193

# ਔਰਤਾਂ ਦੇ ਅਧਿਕਾਰ ਮੁੱਖ ਤੌਰ ’ਤੇ ਸਮਾਨਤਾ, ਸਨਮਾਨ ਤੇ ਵਿਤਕਰੇ ਤੋਂ ਆਜ਼ਾਦੀ



ਪਵਨ ਕੁਮਾਰ ਕੌਸ਼ਲ

ਪੂੰਜੀਵਾਦ ਔਰਤਾਂ ਵਿਰੁੱਧ ਹਿੰਸਾ ਨੂੰ ਜਨਮ ਦਿੰਦਾ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਹਿੰਸਕ ਅਪਰਾਧਾਂ ਦਾ ਸ਼ਿਕਾਰ ਹੋਣ ਦੀ ਔਰਤਾਂ ਦੀ ਸੰਭਾਵਨਾ ਜ਼ਿਆਦਾ ਹੈ, ਪਰ ਔਰਤਾਂ ਵਿਰੁੱਧ ਹਿੰਸਾ ਵਿਸ਼ੇਸ਼ ਤੌਰ ’ਤੇ ਲਿੰਗ-ਅਧਾਰਤ ਅਤੇ ਅਕਸਰ ਜਿਨਸੀ ਹੁੰਦੀ ਹੈ। ਅਮਰੀਕਾ ਵਿੱਚ ਹਰ ਦੋ ਮਿੰਟ ਵਿੱਚ ਕਿਤੇ ਨਾ ਕਿਤੇ ਇੱਕ ਔਰਤ ਦਾ ਜਿਨਸੀ ਸ਼ੋਸ਼ਣ ਹੁੰਦਾ ਹੈ ਅਤੇ ਹਰ ਛੇ ਮਿੰਟ ਵਿੱਚ ਇੱਕ ਬਲਾਤਕਾਰ ਦੀ ਘਟਨਾ ਹੁੰਦੀ ਹੈ। ਇਹ ਪ੍ਰਤੀ ਸਾਲ ਲਗਭਗ 2,00,000 ਪੀੜਤਾਂ ਦੇ ਬਰਾਬਰ ਹੈ। ਸਮਾਜ ਵਿੱਚ ਔਰਤਾਂ ਦੇ ਸਥਾਨ ਦਾ ਇੱਕ ਅਸੱਪਸ਼ਟ ਸੂਚਕ ਔਰਤਾਂ ਵਿਰੁੱਧ ਹਿੰਸਾ ਦੀਆਂ ਘਟਨਾਵਾਂ ਹਨ।

ਵਿਸ਼ਵ ਦੇ ਵਿਕਸਤ ਪੂੰਜੀਵਾਦੀ ਦੇਸ਼ਾਂ ਅੰਦਰ ਔਰਤਾਂ ਨੂੰ ਘਰੇਲੂ ਹਿੰਸਾ, ਮਾਨਸਿਕ ਤਸ਼ੱਦਦ ਅਤੇ ਜਿਨਸੀ ਅੱਤਿਆਚਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਮਰੀਕਾ ਸਮੇਤ ਯੂਰਪੀਅਨ ਦੇਸ਼ਾਂ ਅੰਦਰ ਵੀ ਅਜਿਹਾ ਕੁਝ ਵਾਪਰ ਰਿਹਾ ਹੈ। ਭਾਰਤ ਭਾਵੇਂ ਇੱਕ ਵਿਕਾਸਸ਼ੀਲ ਦੇਸ਼ ਹੈ, ਇਹ ਵੀ ਅਮਰੀਕਾ ਅਤੇ ਯੂਰਪੀਅਨ ਦੇਸ਼ਾਂ ਦੇ ਪਦ ਚਿੰਨ੍ਹਾਂ ਉਪਰ ਚੱਲ ਰਿਹਾ ਹੈ।

1991 ਤੋਂ ਜਦੋਂ ਤੋਂ ਵਿਸ਼ਵੀਕਰਣ, ਉਦਾਰੀਕਰਣ ਅਤੇ ਨਿੱਜੀਕਰਣ ਦੀਆਂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਔਰਤਾਂ ਨੂੰ ਜਿਨਸੀ ਅੱਤਿਆਚਾਰ, ਘਰੇਲੂ ਹਿੰਸਾ ਅਤੇ ਮਾਨਸਿਕ ਤਸ਼ੱਦਦ ਆਦਿ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਔਰਤਾਂ ਦੀ ਨਿੱਜੀ ਅਜ਼ਾਦੀ ਇੱਕ ਮਖੌਲ ਬਣ ਕੇ ਰਹਿ ਗਈ ਹੈ। ਕੰਮਕਾਜ਼ੀ ਔਰਤਾਂ ਇਸ ਦਾ ਸਭ ਤੋਂ ਜ਼ਿਆਦਾ ਸ਼ਿਕਾਰ ਹੋ ਰਹੀਆਂ ਹਨ।

ਔਰਤਾਂ ਲਈ ਇੱਕ ਹੋਰ ਆਮ ਸਮੱਸਿਆ ਲਿੰਗ ਵਿਤਕਰਾ ਹੈ, ਜਿਸ ਦਾ ਉਹਨਾਂ ਨੂੰ ਆਪਣੇ ਜਨਮ ਤੋਂ ਹੀ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਹਨਾਂ ਦੀ ਮੌਤ ਤੱਕ ਜਾਰੀ ਰਹਿੰਦਾ ਹੈ। ਅਨਪੜ੍ਹਤਾ, ਸਹੀ ਸਿੱਖਿਆ ਦੀ ਘਾਟ, ਘਰੇਲੂ ਕੰਮਾਂ ਲਈ ਜ਼ਿੰਮੇਵਾਰ, ਬਲਾਤਕਾਰ, ਕੰਮ ਵਾਲੀ ਥਾਂ ’ਤੇ ਜਿਨਸੀ ਪਰੇਸ਼ਾਨੀ ਆਦਿ ਭਾਰਤ ਵਿੱਚ ਔਰਤਾਂ ਲਈ ਕੁਝ ਵੱਡੇ ਮੁੱਦੇ ਹਨ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ ਸੀ ਆਰ ਬੀ) ਦੇ ਤਾਜ਼ਾ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਸਾਰੇ 19 ਮੈਟਰੋਪੋਲੀਟਨ ਸ਼ਹਿਰਾਂ ਅਤੇ ਦਿੱਲੀ ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੇ ਮਾਮਲੇ ਕੁੱਲ ਅਪਰਾਧਾਂ ਦਾ 32.20 ਫੀਸਦੀ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਸਾਲ ਰਾਸ਼ਟਰੀ ਰਾਜਧਾਨੀ ਵਿੱਚ ਹਰ ਦਿਨ ਦੋ ਨਾਬਾਲਗ ਲੜਕੀਆਂ ਨਾਲ ਬਲਾਤਕਾਰ ਕੀਤਾ ਗਿਆ ਸੀ, ਜਿਸ ਨਾਲ ਇਹ ਦੇਸ਼ ਭਰ ਵਿੱਚ ਔਰਤਾਂ ਲਈ ਸਭ ਤੋਂ ਅਸੁਰੱਖਿਅਤ ਮਹਾਂਨਗਰ ਬਣਿਆ ਹੋਇਆ ਹੈ।

ਕੋਵਿਡ -19 ਦੇ ਫੈਲਣ ਤੋਂ ਬਾਅਦ ਉੱਭਰ ਰਹੇ ਅੰਕੜਿਆਂ ਅਤੇ ਫਰੰਟ ਲਾਈਨਾਂ ’ਤੇ ਮੌਜੂਦ ਲੋਕਾਂ ਦੀਆਂ ਰਿਪੋਰਟਾਂ ਨੇ ਦਿਖਾਇਆ ਹੈ ਕਿ ਔਰਤਾਂ ਅਤੇ ਲੜਕੀਆਂ ਵਿਰੁੱਧ ਹਰ ਕਿਸਮ ਦੀ ਹਿੰਸਾ, ਖਾਸ ਕਰਕੇ ਘਰੇਲੂ ਹਿੰਸਾ, ਤੇਜ਼ ਹੋ ਗਈ ਹੈ। ਇਹ ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ। ਖੁਦਕੁਸ਼ੀਆਂ ਦਾ ਸ਼ਿਕਾਰ ਔਰਤਾਂ ਵਿੱਚ ਘਰੇਲੂ ਔਰਤਾਂ ਦਾ ਵੱਧ ਅਨੁਪਾਤ ਸਮਾਜ ਵਿੱਚ ਦੱਬੇ-ਕੁਚਲੇ ਪਿਤਾ-ਪੁਰਖੀ ਰਸਤਾ ਨੂੰ ਉਜਾਗਰ ਕਰਦਾ ਹੈ।

ਭਾਰਤ ਦੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਉਪਰ ਔਰਤ ਪਹਿਲਵਾਨਾਂ ਵੱਲੋਂ ਜਿਨਸੀ ਸ਼ੋਸ਼ਣ ਦੇ ਇਲਜ਼ਾਮ ਲਗਾਉਣ ਉਪਰੰਤ ਉਸ ਉਪਰ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕਰਨ ’ਤੇ ਪਹਿਲਵਾਨਾਂ ਨੂੰ ਲਗਾਤਾਰ ਧਰਨਾ ਮਾਰਨਾ ਪਿਆ। ਬੀਤੀ 4 ਮਈ ਨੂੰ ਮਨੀਪੁਰ ਵਿੱਚ ਇੱਕ ਫਿਰਕੇ ਦੇ ਲੋਕਾਂ ਨੇ ਦੋ ਨਗਨ ਔਰਤਾਂ ਨੂੰ ਮਜਬੂਰ ਕਰਕੇ ਉਨ੍ਹਾਂ ਨਾਲ ਮਾਰਚ ਕੀਤਾ, ਜੋ ਅਤਿ ਘਿਨਾਉਣਾ ਅਤੇ ਔਰਤਾਂ ਨਾਲ ਇਸ ਤੋਂ ਵੱਧ ਹੋਰ ਜ਼ੁਲਮ ਕੀ ਹੋ ਸਕਦਾ।

‘ਦਿ ਗਾਰਡੀਅਨ’ 2 ਜੁਲਾਈ 2018 ਵਿੱਚ ਸਮਾਜਿਕ ਕਾਰਕੁਨ ਦੀਪਾ ਨਰਾਇਣ ਨੇ ਲਿਖਿਆ ਹੈ-ਭਾਰਤ ਔਰਤਾਂ ਲਈ ਸਭ ਤੋਂ ਖਤਰਨਾਕ ਦੇਸ਼ ਹੈ। ਇਸ ਨੂੰ ਅਸਲੀਅਤ ਦਾ ਸਾਹਮਣਾ ਕਰਨਾ ਪਵੇਗਾ। ਇੱਕ ਵਿਸ਼ਵਵਿਆਪੀ ਸਰਵੇਖਣ ਇੱਕ ਦੁਸ਼ਟ ਸੱਭਿਆਚਾਰਕ ਸਮਝੌਤੇ ਦਾ ਪਰਦਾ ਫਾਸ਼ ਕਰਦਾ ਹੈ ਕਿ ਸਾਡੇ ਸਮਾਜ ਵਿੱਚ ਔਰਤਾਂ ਦੀ ਬਹੁਤ ਘੱਟ ਕਦਰ ਹੈ। ਮੈਨੂੰ ਆਪਣੇ ਦੇਸ਼ ਭਾਰਤ ਦੀ ਸੁੰਦਰਤਾ ਅਤੇ ਪ੍ਰਾਚੀਨ ਸੰਸਕ੍ਰਿਤੀ ’ਤੇ ਮਾਣ ਹੈ। ਮੈਨੂੰ ਇਸ ਗੱਲ ’ਤੇ ਮਾਣ ਨਹੀਂ ਕਿ ਥੌਮਸਨ ਰਾਇਟਰਜ਼ ਫਾਊਂਡੇਸ਼ਨ ਦੇ ਤਾਜ਼ਾ ਸਰਵੇਖਣ ਵਿਚ ਭਾਰਤ ਨੂੰ ਔਰਤਾਂ ਲਈ ਦੁਨੀਆ ਦਾ ਸਭ ਤੋਂ ਖਤਰਨਾਕ ਦੇਸ਼ ਦੱਸਿਆ ਗਿਆ ਹੈ।

ਹਰ ਕੋਈ ਦੁਨੀਆ ਦੇ ਸਭ ਤੋਂ ਵੱਡੇ ਕਹਿ ਜਾਂਦੇ ਲੋਕਤੰਤਰ ਭਾਰਤ ਤੋਂ ਔਰਤਾਂ ਲਈ ਹੋਰ ਅਤੇ ਬਿਹਤਰ ਦੀ ਉਮੀਦ ਕਰਦਾ ਹੈ। ਇਹੀ ਕਾਰਨ ਹੈ ਕਿ ਇਸ ਨਾਲ ਸਦਮਾ ਲਗਦਾ ਹੈ। ਭਾਰਤੀ ਔਰਤਾਂ ਅੱਤਵਾਦੀ ਅਲਰਟ ’ਤੇ ਦੇਸ਼ ਵਾਂਗ ਲਗਾਤਾਰ ਚੌਕਸੀ ਦੀ ਸਥਿਤੀ ਵਿਚ ਹਨ।

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜੇ 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਵਿੱਚ 15 ਫੀਸਦੀ ਤੋਂ ਵੱਧ ਵਾਧਾ ਦਰਸਾਉਂਦੇ ਹਨ। 2021 ’ਚ ਔਰਤਾਂ ਵਿਰੁੱਧ ਅਪਰਾਧ ਦਰ ਦੇ ਮਾਮਲੇ ਵਿੱਚ ਅਸਾਮ ਸਭ ਤੋਂ ਉੱਪਰ ਰਾਜਾਂ ਵਿੱਚ, ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ ਮਾਮਲੇ ਦਰਜ ਕੀਤੇ ਗਏ। (ਫਾਇਨੈਂਸ਼ੀਅਲ ਐੱਕਸਪ੍ਰੈੱਸ 30.7.2022)

2021 ਦੌਰਾਨ ਭਾਰਤ ਵਿੱਚ ਕੁੱਲ 31,677 ਬਲਾਤਕਾਰ ਦੇ ਮਾਮਲੇ ਦਰਜ ਕੀਤੇ ਗਏ ਸਨ ਜਾਂ ਔਸਤਨ ਹਰ ਰੋਜ਼ ਲਗਭਗ 87 ਬਲਾਤਕਾਰ ਦੇ ਮਾਮਲੇ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ ਸੀ ਆਰ ਬੀ) ਦੁਆਰਾ ਕੀਤੇ ਗਏ ਤਾਜ਼ਾ ਸੰਕਲਨ ਤੋਂ ਪਤਾ ਚਲਦਾ ਹੈ। ਦੇਸ਼ ਵਿੱਚ ਸਭ ਤੋਂ ਵੱਧ ਬਲਾਤਕਾਰ ਦੇ ਮਾਮਲੇ ਰਾਜਸਥਾਨ ਵਿੱਚ ਦਰਜ ਕੀਤੇ ਗਏ ਹਨ, ਜਦੋਂ ਕਿ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਇਸ ਤੋਂ ਬਾਅਦ ਹਨ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਨੇ ਆਪਣੀ 2019 ਦੀ ‘ਕ੍ਰਾਈਮ ਇਨ ਇੰਡੀਆ’ ਰਿਪੋਰਟ ਜਾਰੀ



ਕੀਤੀ ਹੈ ਅਤੇ ਇਸ ਨੇ ਭਾਰਤ ਵਿੱਚ ਔਰਤਾਂ ਦੀ ਕਮਜ਼ੋਰੀ ਬਾਰੇ ਕੁਝ ਹੈਰਾਨ ਕਰਨ ਵਾਲੇ ਤੱਥ ਅਤੇ ਅੰਕੜੇ ਪੇਸ਼ ਕੀਤੇ ਹਨ। ਜਾਰੀ ਕੀਤੀ ਗਈ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਕਿਵੇਂ ਭਾਰਤ ਵਿੱਚ ਔਰਤਾਂ ਲਗਾਤਾਰ ਅਸੁਰੱਖਿਅਤ ਹੁੰਦੀਆਂ ਜਾ ਰਹੀਆਂ ਹਨ। ਸਾਡੇ ਸਾਹਮਣੇ ਤਾਜ਼ਾ ਮਾਮਲਾ ਹਾਥਰਸ ਸਮੂਹਿਕ ਬਲਾਤਕਾਰ ਅਤੇ ਕਤਲ ਦਾ ਹੈ, ਜਿੱਥੇ ਉੱਤਰ ਪ੍ਰਦੇਸ਼ ਵਿੱਚ ਚਾਰ ਉੱਚ ਜਾਤੀ ਦੇ ਬੰਦਿਆਂ ਦੁਆਰਾ ਇੱਕ 19 ਸਾਲਾ ਦਲਿਤ ਲੜਕੀ ਦੀ ਬੇਰਹਿਮੀ ਨਾਲ ਮਾਨਵਤਾ ਦੀ ਉਲੰਘਣਾ ਕੀਤੀ ਗਈ ਸੀ। 14 ਸਤੰਬਰ ਨੂੰ ਕਥਿਤ ਤੌਰ ’ਤੇ ਬਲਾਤਕਾਰ ਦਾ ਸ਼ਿਕਾਰ ਹੋਈ ਲੜਕੀ ਦੀ ਦਿੱਲੀ ਦੇ ਸਫਦਰਜੰਗ ਹਸਪਤਾਲ ’ਚ ਇਲਾਜ ਦੌਰਾਨ ਮੌਤ ਹੋ ਗਈ।

ਆਖ਼ਰਕਾਰ, ਭਾਰਤੀ ਸੰਵਿਧਾਨ ਔਰਤਾਂ ਨੂੰ ਬਰਾਬਰੀ ਦੇ ਅਧਿਕਾਰ ਪ੍ਰਦਾਨ ਕਰਦਾ ਹੈ, ਜਿਸ ਵਿੱਚ ਆਵਾਜ਼ ਦੀ ਆਜ਼ਾਦੀ, ਅੰਦੋਲਨ ਅਤੇ ਆਪਣੇ ਸਰੀਰ ਉੱਤੇ ਅਧਿਕਾਰ ਸ਼ਾਮਲ ਹਨ। ਭਾਰਤ ਦਾ ਅਹੁਦਾ ਰਾਸ਼ਟਰੀ ਸਵੈਮਾਨ ਨੂੰ ਠੇਸ ਪਹੁੰਚਾਉਂਦਾ ਹੈ, ਕਿਉਂਕਿ ਇਹ ਇੱਕ ਅਜਿਹਾ ਦੇਸ਼ ਹੈ, ਜਿੱਥੇ ਲੱਖਾਂ ਚੁਸਤ ਕੱਪੜੇ ਪਹਿਨਣ ਵਾਲੀਆਂ ਔਰਤਾਂ ਹਰ ਰੋਜ਼ ਦਫਤਰਾਂ ਵਿੱਚ ਕੰਮ ਕਰਨ ਜਾਂਦੀਆਂ ਹਨ, ਜਿੱਥੇ ਔਰਤਾਂ ਦੀ ਸੁਰੱਖਿਆ ਲਈ ਕਾਨੂੰਨ ਬਦਲੇ ਹਨ ਅਤੇ ਜਿੱਥੇ ਔਰਤਾਂ ਅਤੇ ਮਰਦ ਬੱਚਿਆਂ ਦੇ ਘਿਨਾਉਣੇ ਬਲਾਤਕਾਰਾਂ, ਅੱਠ ਸਾਲ ਦੀਆਂ ਬੱਚੀਆਂ ਦੇ ਸਮੂਹਿਕ ਬਲਾਤਕਾਰ ਅਤੇ ਟ੍ਰੈਫਿਕ ਕਰਨ ਵਾਲੀਆਂ ਔਰਤਾਂ ਦੇ ਵਿਰੋਧ ਪ੍ਰਦਰਸ਼ਨ ਕਰਨ ਲਈ ਸੜਕਾਂ ’ਤੇ ਉਤਰ ਆਏ ਹਨ।

ਔਰਤਾਂ ਵਿਰੁੱਧ ਅਪਰਾਧ ਵੱਖ-ਵੱਖ ਕਿਸਮਾਂ ਦੇ ਹੁੰਦੇ ਹਨ, ਕਿਉਂਕਿ ਆਰਥਿਕ ਲਾਭ ਲਈ ਜਿਨਸੀ ਅਪਰਾਧਾਂ ਵਿੱਚ ਵੇਸਵਾਗਮਨੀ, ਗਲਤ ਤਰੀਕੇ ਨਾਲ ਕੈਦ, ਤਸਕਰੀ, ਦਾਜ ਲਈ ਜ਼ਬਰਦਸਤੀ, ਬਲਾਤਕਾਰ, ਹਮਲਾ, ਕੰਮ ਵਾਲੀ ਥਾਂ ’ਤੇ ਪਰੇਸ਼ਾਨ ਕਰਨਾ, ਸਮੂਹਿਕ ਬਲਾਤਕਾਰ, ਤੇਜ਼ਾਬ-ਹਮਲਾ, ਅਗਵਾ ਅਤੇ ਹੋਰ ਅਨੈਤਿਕ ਕੰਮ ਨੁਕਸਾਨਦੇਹ ਹਨ। ਸੰਯੁਕਤ ਰਾਜ ਵਿੱਚ 5 ਵਿੱਚੋਂ 1 ਔਰਤ ਆਪਣੇ ਜੀਵਨ ਕਾਲ ਵਿੱਚ ਬਲਾਤਕਾਰ ਦਾ ਸ਼ਿਕਾਰ ਹੋਈ ਹੈ।

ਔਰਤਾਂ ਦੇ ਅੱਤਿਆਚਾਰ ਨੂੰ ਵਧਾਉਣ ਲਈ ਕਿਸ ਤਰ੍ਹਾਂ ਪਿਤਾਪੁਰਖੀ ਅਤੇ ਪੂੰਜੀਵਾਦ ਦਾ ਸੁਮੇਲ ਹੁੰਦਾ ਹੈ। ਔਰਤਾਂ ਦਾ ਉਨ੍ਹਾਂ ਦੇ ਕੰਮ ਵਾਲੀ ਥਾਂ ’ਤੇ ਵਧੇਰੇ ਸ਼ੋਸ਼ਣ ਕੀਤਾ ਜਾਂਦਾ ਹੈ ਅਤੇ ਇਸ ਤੋਂ ਇਲਾਵਾ ਉਹ ਕਈ ਘੰਟੇ ਘਰ ਦਾ ਕੰਮ ਕਰਦੀਆਂ ਹਨ, ਪਰ ਘਰੇਲੂ ਕੰਮ ਦਾ ਦਰਜਾ ਤਨਖਾਹ ਵਾਲੇ ਕੰਮ ਵਰਗਾ ਨਹੀਂ ਹੁੰਦਾ। ਔਰਤਾਂ ’ਤੇ ਜ਼ੁਲਮ ਇੱਕ ਅਜਿਹਾ ਸਾਧਨ ਹੈ, ਜੋ ਸਰਮਾਏਦਾਰਾਂ ਨੂੰ ਆਪਣੇ ਮੁਨਾਫ਼ੇ ਲਈ ਸਮੁੱਚੀ ਕਿਰਤੀ ਸ਼ਕਤੀ ਦਾ ਪ੍ਰਬੰਧ ਕਰਨ ਦੇ ਯੋਗ ਬਣਾਉਂਦਾ ਹੈ। ਔਰਤਾਂ ਦਾ ਜ਼ੁਲਮ ਇੱਕ ਅਜਿਹਾ ਸਾਧਨ ਹੈ, ਜੋ ਸਰਮਾਏਦਾਰਾਂ ਨੂੰ ਆਪਣੇ ਮੁਨਾਫ਼ੇ ਲਈ ਸਮੁੱਚੀ ਕਿਰਤੀ ਸ਼ਕਤੀ ਦਾ ਪ੍ਰਬੰਧ ਕਰਨ ਦੇ ਯੋਗ ਬਣਾਉਂਦਾ ਹੈ।

ਇਹ ਸਪੱਸ਼ਟ ਹੈ ਕਿ ਸਮਾਜਵਾਦੀ ਇਨਕਲਾਬ ਤੋਂ ਬਿਨਾਂ ਔਰਤਾਂ ਨੂੰ ਆਜ਼ਾਦ ਕਰਨ ਲਈ ਲੋੜੀਂਦੀਆਂ ਤਬਦੀਲੀਆਂ ਅਸੰਭਵ ਹਨ। ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਸਮਾਜਵਾਦੀ ਇਨਕਲਾਬ ਲਈ ਸਭ ਤੋਂ ਇਕਸਾਰ ਅਤੇ ਮੋਹਰੀ ਤਾਕਤ ਮਜ਼ਦੂਰ ਜਮਾਤ ਹੈ। ਮਜ਼ਦੂਰ ਜਮਾਤ ਦੀ ਤਾਕਤ ਦਾ ਧੁਰਾ ਕੰਮ ’ਤੇ ਸੰਗਠਨ ਵਿੱਚ ਹੈ।

ਔਰਤਾਂ ਦੀ ਮੁਕਤੀ ਸਿਰਫ਼ ਪੂੰਜੀਵਾਦੀ ਪ੍ਰਣਾਲੀਆਂ ਨੂੰ ਖਤਮ ਕਰਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿਸ ਵਿੱਚ ਉਹ ਦਾਅਵਾ ਕਰਦੇ ਹਨ ਕਿ ਔਰਤਾਂ ਦੀ ਬਹੁਤੀ ਕਿਰਤ ਨੂੰ ਅਦਾਇਗੀ ਨਹੀਂ ਕੀਤੀ ਜਾਂਦੀ।


ਔਰਤਾਂ ਦੀ ਮੁਕਤੀ ਲਈ ਲੜਨ ਵਾਲੇ ਸਾਰੇ ਲੋਕ ਜਾਣਦੇ ਹਨ ਕਿ ਜਿਨਸੀ ਹਮਲੇ ਅਤੇ ਘਰੇਲੂ ਹਿੰਸਾ ਔਰਤਾਂ ਦੇ ਜ਼ੁਲਮ ਦੇ ਸਭ ਤੋਂ ਵੱਧ ਨੁਕਸਾਨਦੇਹ ਪ੍ਰਗਟਾਵੇ ਵਿੱਚੋਂ ਇੱਕ ਹਨ। ਵਿਸ਼ਵ ਭਰ ਵਿੱਚ ਇਹ ਔਰਤਾਂ ਦੀ ਨਿਮਨ ਸਮਾਜਿਕ ਸਥਿਤੀ ਅਤੇ ਔਰਤਾਂ ਦੇ ਸਰੀਰਾਂ ਦੇ ਜਿਨਸੀ ਉਦੇਸ਼ ਅਤੇ ਅਮਾਨਵੀਕਰਨ ਨਾਲ ਅਟੁੱਟ ਤੌਰ ’ਤੇ ਜੁੜੇ ਹੋਏ ਹਨ।

ਪੁਲਸ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਪੂੰਜੀਵਾਦੀ ਰਾਜ ਦੇ ਇੱਕ ਹਥਿਆਰਬੰਦ ਵਿੰਗ ਵਜੋਂ ਕੰਮ ਕਰਦੀਆਂ ਹਨ, ਉਹ ਕਾਨੂੰਨ ਲਾਗੂ ਕਰਦੀਆਂ ਹਨ, ਜੋ ਜਮਾਤੀ ਅਤੇ ਸਮਾਜਿਕ ਅਸਮਾਨਤਾ ਨੂੰ ਕਾਇਮ ਰੱਖਦੇ ਹਨ। ਇਸੇ ਤਰ੍ਹਾਂ ਨਿਰਭੈਆ ਅਤੇ ਹੋਰਨਾਂ ਦੇ ਬਲਾਤਕਾਰ ਤੇ ਕਤਲ ਨੇ ਔਰਤਾਂ ਵਿਰੁੱਧ ਹਿੰਸਾ ਦੇ ਮੁੱਦੇ ’ਤੇ ਰੌਸ਼ਨੀ ਪਾਈ ਹੈ। ਇਸ ਸੰਕਟ ਲਈ ਪੂੰਜੀਵਾਦੀ ਪ੍ਰਬੰਧ ਜ਼ਿੰਮੇਵਾਰ ਹੈ। ਜ਼ੁਲਮ ਨਾਲ ਲੜਨ ਲਈ ਸਾਨੂੰ ਸਮਾਜਵਾਦ ਲਈ ਲੜਨਾ ਪਵੇਗਾ।

ਕੇਵਲ ਉਦੋਂ ਹੀ ਜਦੋਂ ਅਸੀਂ ਸਾਰੇ ਸੁਤੰਤਰ ਮਨੁੱਖਾਂ ਦੇ ਰੂਪ ਵਿੱਚ ਰਹਿ ਸਕਦੇ ਹਾਂ। ਘਰੇਲੂ ਤੰਗੀ ਅਤੇ ਉਜਰਤੀ ਗੁਲਾਮੀ ਤੋਂ ਮੁਕਤ ਅਸੀਂ ਔਰਤਾਂ ਲਈ ਅਸਲ ਆਜ਼ਾਦੀ ਦੀ ਗੱਲ ਕਰ ਸਕਦੇ ਹਾਂ।

# ਸੰਪਰਕ : 98550-04500

# ਤਨ ਦੇ ਨਾਲ ਮਨ ਦੇ ਰੋਗਾਂ ਨੂੰ ਪਛਾਨਣ ਤੇ ਇਲਾਜ ਦੀ ਲੋੜ



ਅਵਤਾਰ ਤਰਕਸ਼ੀਲ

ਦੁਨੀਆ ਪੱਧਰ ’ਤੇ ਜਿੱਥੇ ਤਨ ਦੇ ਰੋਗ ਲਗਾਤਾਰ ਵਧ ਰਹੇ ਹਨ, ਉੱਥੇ ਹੀ ਮਨ ਦੇ ਰੋਗ ਲਗਾਤਾਰ ਵਧ ਰਹੇ ਹਨ। ਤਨ ਦੇ ਰੋਗਾਂ ਦਾ ਸੰਬੰਧ ਜ਼ਿਆਦਾਤਰ ਆਪਣੇ ਖਾਣ-ਪੀਣ ਅਤੇ ਕਸਰਤ ਨਾਲ ਹੁੰਦਾ ਹੈ, ਬਹੁਤ ਥੋੜ੍ਹੇ ਤਨ ਦੇ ਰੋਗਾਂ ਦਾ ਸੰਬੰਧ ਪਿਛਲੀਆਂ ਪੀੜ੍ਹੀਆਂ ਨਾਲ ਵੀ ਜੁੜਦਾ ਹੈ। ਤਨ ਦੇ ਰੋਗਾਂ ਨੂੰ ਮਰੀਜ਼ ਖੁਦ ਪਹਿਚਾਣ ਲੈਂਦਾ ਹੈ, ਜਿਸ ਤਰ੍ਹਾਂ ਬੁਖਾਰ ਚੜ੍ਹੇ ਜਾਂ ਸੱਟ ਲੱਗੇ ਤਾਂ ਮਰੀਜ਼ ਨੂੰ ਖੁਦ ਹੀ ਪਤਾ ਲੱਗ ਜਾਂਦਾ ਹੈ ਅਤੇ ਮਰੀਜ਼ ਖੁਦ ਹੀ ਡਾਕਟਰ ਤੋਂ ਦਵਾਈ ਲੈਣ ਚਲਿਆ ਜਾਂਦਾ ਹੈ।

ਇਸ ਦੇ ਉਲਟ ਮਨ ਦੇ ਰੋਗਾਂ ਦਾ ਜ਼ਿਆਦਾਤਰ ਮਰੀਜ਼ ਨੂੰ ਪਤਾ ਨਹੀਂ ਲੱਗਦਾ ਤੇ ਮਰੀਜ਼ ਖੁਦ ਡਾਕਟਰ ਕੋਲ ਦਵਾਈ ਲੈਣ ਵੀ ਨਹੀਂ ਜਾਂਦਾ। ਮਨ ਦੇ ਰੋਗਾਂ ਵਿੱਚ ਚਿੰਤਾ ਹੋਣੀ, ਵਹਿਮ ਹੋਣਾ, ਉਦਾਸ ਰਹਿਣਾ, ਬੇਲੋੜਾ ਡਰ ਹੋਣਾ, ਕਿਸੇ ਕੰਮ ਵਿੱਚ ਦਿਲ ਨਾ ਲੱਗਣਾ, ਕੰਮ ਕਰਨ ਨੂੰ ਦਿਲ ਨਾ ਕਰਨਾ, ਨੀਂਦ ਨਾ ਆਉਣਾ, ਕਮਜ਼ੋਰੀ ਮਹਿਸੂਸ ਕਰਨਾ, ਸਿਰ ਦਰਦ ਰਹਿਣਾ, ਹਰ ਵਕਤ ਨਾਂਹ-ਪੱਖੀ ਗੱਲਾਂ ਕਰਨਾ ਅਤੇ ਜਿਉਣ ਦੀ ਆਸ ਛੱਡ ਦੇਣਾ, ਚੰਗੀਆਂ ਚੀਜ਼ਾਂ ਵਿੱਚੋਂ ਵੀ ਮਾੜੀਆਂ ਦਿਖਾਈ ਦੇਣੀਆਂ ਆਦਿ ਲੱਛਣ ਦਿਖਾਈ ਦਿੰਦੇ ਹਨ, ਜਦੋਂ ਇਨ੍ਹਾਂ ਲੱਛਣਾਂ ਦਾ ਇਲਾਜ ਨਹੀਂ ਹੁੰਦਾ ਤਾਂ ਮਰੀਜ਼ ਆਤਮ ਹੱਤਿਆ ਵੀ ਕਰ ਜਾਂਦਾ ਹੈ। ਪਹਿਲਾਂ ਤਾਂ ਮਰੀਜ਼ ਇਨ੍ਹਾਂ ਲੱਛਣਾਂ ਨੂੰ ਬਿਮਾਰੀ ਨਹੀਂ ਮੰਨਦਾ, ਦੂਜਾ ਮਰੀਜ਼ ਦਾ ਪਰਵਾਰ ਤੇ ਸਮਾਜ ਵੀ ਇਸ ਨੂੰ ਕੋਈ ਰੋਗ ਨਹੀਂ ਮੰਨਦਾ। ਪਰਵਾਰ ਵੱਲੋਂ ਇਹੋ ਜਿਹੇ ਰੋਗਾਂ ਨੂੰ ਸਮਾਜ ਤੋਂ ਲੁਕਾਇਆ ਵੀ ਜਾਂਦਾ ਹੈ। ਮਰੀਜ਼ ਦੇ ਹਾਲਾਤ ਹੋਰ ਵੀ ਭੈੜੇ ਹੋ ਜਾਂਦੇ ਹਨ। ਜਦੋਂ ਇਹੋ ਜਿਹੇ ਰੋਗਾਂ ਦਾ ਇਲਾਜ ਕਰਾਉਣ ਲਈ ਮਰੀਜ਼ ਨੂੰ ਸਾਧਾਂ-ਸੰਤਾਂ ਕੋਲ ਲਿਜਾਇਆ ਜਾਂਦਾ ਹੈ, ਸਚਾਈ ਇਹ ਹੁੰਦੀ ਹੈ ਕਿ ਵੱਡੀ ਗਿਣਤੀ ਸਾਧ-ਸੰਤ ਵੀ ਮਾਨਸਿਕ ਰੋਗੀ ਹੀ ਹੁੰਦੇ ਹਨ ਜਾਂ ਲੋਕਾਂ ਨੂੰ ਲੁੱਟਣਾ ਹੀ ਉਨ੍ਹਾਂ ਦਾ ਧੰਦਾ ਹੁੰਦਾ ਹੈ । ਇਸ ਕਰਕੇ ਮਰੀਜ਼ ਨੂੰ ਉਥੋਂ ਕੋਈ ਅਰਾਮ ਨਹੀਂ ਆਉਂਦਾ। ਪਰਵਾਰ ਦੀ ਆਰਥਿਕ ਲੁੱਟ ਹੋਣ ਕਾਰਨ ਸਥਿਤੀ ਹੋਰ ਗੰਭੀਰ ਬਣ ਜਾਂਦੀ ਹੈ ।

ਸਾਡਾ ਸਮਾਜ ਧਾਰਮਿਕ ਹੋਣ ਕਾਰਨ ਮਰੀਜ਼ ਨੂੰ ਵੱਖ-ਵੱਖ ਤਰ੍ਹਾਂ ਰੱਬ ਦਾ ਨਾਂਅ ਜਪਣ ਜਾਂ ਰੱਬ ਅੱਗੇ ਪ੍ਰਾਰਥਨਾ ਕਰਨ ਨੂੰ ਕਿਹਾ ਜਾਂਦਾ ਹੈ ਅਤੇ ਸੁੱਖਣਾ ਸੁੱਖੀਆਂ ਜਾਂਦੀਆਂ ਹਨ। ਇਸ ਨਾਲ ਵੀ ਮਰੀਜ਼ ਨੂੰ ਅਰਾਮ ਨਹੀਂ ਆਉਂਦਾ ਹੈ।

ਸਰਕਾਰਾਂ ਅਤੇ ਸਰਮਾਏਦਾਰਾਂ ਦੀਆਂ ਪਾਲਸੀਆਂ ਵੀ ਲੋਕਾਂ ਨੂੰ ਮਾਨਸਿਕ ਰੋਗੀ ਬਣਾਉਂਦੀਆਂ ਹਨ, ਜਿਸ ਵਿੱਚ ਘਰੋਂ ਹੀ ਆਨਲਾਈਨ ਕੰਮ ਕਰਨਾ ਸ਼ਾਮਲ ਹੈ। ਆਨਲਾਈਨ ਕੰਮ ਕਰਨ ਨਾਲ ਮਨੁੱਖ ਬਾਕੀ ਸਮਾਜ ਨਾਲੋਂ ਟੁੱਟਦਾ ਹੈ, ਉਸ ਦੀ ਕਸਰਤ ਘਟਦੀ ਹੈ ਅਤੇ ਪਰਵਾਰਕ ਲੜਾਈਆਂ ਵਧਦੀਆਂ ਹਨ। ਮਨੁੱਖ ਸਮਾਜਿਕ ਪ੍ਰਾਣੀ ਹੈ, ਉਸ ਦਾ ਸਮਾਜ ਨਾਲ ਜੁੜੇ ਰਹਿਣਾ ਬਹੁਤ ਜ਼ਰੂਰੀ ਹੁੰਦਾ ਹੈ ।

ਇਸ ਸਭ ਦਾ ਸਿੱਟਾ ਹੈ ਕਿ ਦੁਨੀਆ ਪੱਧਰ ’ਤੇ ਮਨ ਦੇ ਰੋਗ (ਮਾਨਸਿਕ ਰੋਗ) ਲਗਾਤਾਰ ਵਧ ਰਹੇ ਹਨ । ਜਿਸ ਤਰ੍ਹਾਂ ਰੋਗੀਆਂ ਦੀ ਗਿਣਤੀ ਵਧਦੀ ਜਾਂਦੀ ਹੈ, ਸਰਕਾਰਾਂ ਮਾਨਸਿਕ ਰੋਗੀਆਂ ਨੂੰ ਸਾਂਭਣ ਦੇ ਕੇਂਦਰ ਹੋਰ ਬਣਾ ਰਹੀਆਂ ਹਨ, ਪਰ ਬਿਮਾਰੀਆਂ ਦੀ ਜੜ੍ਹ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।

ਇਸ ਨੂੰ ਦੇਖਦਿਆਂ ਨਿਊਜ਼ੀਲੈਂਡ ਵਿੱਚ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਔਕਲੈਂਡ ਦੇ ਸੱਦੇ ’ਤੇ ਡਾਕਟਰ ਰਾਜਾ ਰਾਮ ਹੰਡਿਆਇਆ ਕੌਮੀ ਪ੍ਰਧਾਨ ਤਰਕਸ਼ੀਲ ਸੁਸਾਇਟੀ ਭਾਰਤ ਨੂੰ ਬੁਲਾਇਆ ਗਿਆ ਹੈ, ਜੋ ਮਾਨਸਿਕ ਸਮੱਸਿਆਵਾਂ ਨਾਲ ਜੂਝਦੇ ਰੋਗੀਆਂ ਨਾਲ ਵਿਚਾਰ-ਵਟਾਂਦਰਾ ਕਰਨਗੇ। ਡਾਕਟਰ ਰਾਜਾ ਰਾਮ ਹੰਡਿਆਇਆ ਇੰਡੀਆ ਵਿੱਚ ਅਨੇਕਾਂ ਮਰੀਜ਼ਾਂ ਨੂੰ ਗੱਲਬਾਤ ਰਾਹੀਂ ਠੀਕ ਕਰ ਚੁੱਕੇ ਹਨ ਤੇ ਕਈ ਕਿਤਾਬਾਂ ਦੇ ਲੇਖਕ ਹਨ।

ਇਸ ਸੰਬੰਧੀ ਲੋੜਵੰਦ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਔਕਲੈਂਡ ਨੂੰ 0800 ਜਾਂ 08006262882 ’ਤੇ ਫੋਨ ਕਰ ਸਕਦੇ ਹਨ। ਡਾਕਟਰ ਸਾਹਿਬ ਨੂੰ ਮਿਲਣ ਦਾ ਕੋਈ ਖਰਚਾ ਨਹੀਂ ਹੈ । ਹੇਠ ਲਿਖੇ ਨੰਬਰ ’ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ। ਇਸ ਜਾਣਕਾਰੀ ਨੂੰ ਹੋਰਾਂ ਤੱਕ ਵੀ ਪਹੁੰਚਾਉਣ ਦੀ ਕੋਸ਼ਿਸ਼ ਕਰੋ ਤਾਂ ਕਿ ਭਾਈਚਾਰੇ ਵਿੱਚ ਲੋੜਵੰਦਾਂ ਦੀ ਮਦਦ ਹੋ ਸਕੇ

# ਸੰਪਰਕ : 00642139 2147

# ਵਿੱਦਿਅਕ ਟੂਰ

ਡਾ. ਸੁਨੀਤਾ ਕੌਸ਼ਲ

ਪੰਜਾਬ ਤੇ ਸਿੱਖਿਆ ਦੇ ਇਤਿਹਾਸ ’ਚ ਪਹਿਲੀ ਵਾਰ ਪ੍ਰਿੰਸੀਪਲਾਂ (ਸਕੂਲਜ਼) ਦੀ ਸਿੰਘਾਪੁਰ ਟ੍ਰੇਨਿੰਗ ਕਰਵਾਈ ਜਾ ਰਹੀ ਹੈ ਕਿਉਂਕਿ ਸਕੂਲਾਂ ਨੂੰ ਬਿਹਤਰ ਬਣਾਉਣ ’ਚ ਪ੍ਰਿੰਸੀਪਲਾਂ ਦੀ ਅਹਿਮ ਭੂਮਿਕਾ ਹੁੰਦੀ ਹੈ। 4 ਫਰਵਰੀ 2023 ਨੂੰ ਪ੍ਰਿੰਸੀਪਲਾਂ ਦਾ ਪਹਿਲਾ ਬੈਚ ਪ੍ਰੋਫੈਸ਼ਨਲ ਟ੍ਰੇਨਿੰਗ ਲਈ ਰਵਾਨਾ ਕੀਤਾ ਗਿਆ ਸੀ। ਉਸ ਤੋਂ ਬਾਅਦ ਲਗਾਤਾਰ ਤਿੰਨ ਹੋਰ ਬੈਚ ਸਿੰਘਾਪੁਰ ਜਾ ਚੁੱਕੇ ਹਨ। ਪੰਜਵੇਂ ਅਤੇ ਛੇਵੇਂ ਗਰੁੱਪ ਵਿੱਚ ਮੈਨੂੰ ਵੀ ਬਤੌਰ ਪ੍ਰਿੰਸੀਪਲ ਇਸ ਟ੍ਰੇਨਿੰਗ ਲਈ ਸਿੰਘਾਪੁਰ ਜਾਣ ਦਾ ਮੌਕਾ ਮਿਲਿਆ। ਇਸ ਬੈਚ ਵਿੱਚ 72 ਪ੍ਰਿੰਸੀਪਲ ਭੇਜੇ ਗਏ, ਜੋ ਸਿੰਘਾਪੁਰ ਦੇ ਨੈਸ਼ਨਲ ਇੰਸਟੀਚਿਊਟ ਆਫ ਐਜੂਕੇਸ਼ਨ ਵਿੱਚ ਲੀਡਰਸ਼ਿਪ, ਗਲੋਬਲ ਅਜੂੈਕੇਸ਼ਨ ਅਤੇ ਕੋਆਰਡੀਨੇਸ਼ਨ ਦੀ ਸਿਖਲਾਈ ਪ੍ਰਾਪਤ ਕਰਨਗੇ। ਸਿੰਘਾਪੁਰ ਦਾ ਸਮਾਂ ਭਾਰਤ ਨਾਲੋਂ ਢਾਈ ਕੁ ਘੰਟੇ ਅਡਵਾਂਸ ਹੋਣ ਕਾਰਨ ਅਸੀਂ 24 ਸਤੰਬਰ ਨੂੰ ਸਵੇਰੇ 7 ਵਜੇ ਸਿੰਘਾਪੁਰ (ਚਾਂਗੀ ਏਅਰਪੋਰਟ) ਪਹੁੰਚੇ। ਚਾਂਗੀ ਏਅਰਪੋਰਟ ’ਚ ਦਾਖਲ ਹੁੰਦਿਆਂ ਹੀ ਉਥੋਂ ਦੀ ਚਕਾਚੌਂਧ ਤੇ ਸਾਫ-ਸਫਾਈ ਜੰਨਤ ਦਾ ਭੁਲੇਖਾ ਪਾ ਰਹੀ ਸੀ। ਏਅਰਪੋਰਟ ਦਾ ਦਾਇਰਾ ਏਨਾ ਵੱਡਾ ਸੀ ਕਿ ਇੱਕ ਤੋਂ ਦੂਜੇ ਟਰਮੀਨਲ ਤੱਕ ਜਾਣ ਲਈ ਮੈਟਰੋ ਟ੍ਰੇਨ ਦਾ ਸਹਾਰਾ ਲੈਣਾ ਪੈਂਦਾ ਹੈ, ਏਅਰਪੋਰਟ ਹੀ ਇੰਨਾ ਮਨਮੋਹਕ ਸੀ ਕਿ ਉਸ ਵਿੱਚ ਇੱਕ ਤੋਂ ਇੱਕ ਹਾਈਟੈਕ ਤਕਨਾਲੋਜੀ ਨਾਲ ਲੈਸ ਤਕਨੀਕ ਆਪਣੇ ਵੱਲ ਆਕਰਸ਼ਿਤ ਕਰ ਰਹੀ ਸੀ। ਏਅਰਪੋਰਟ ਅੰਦਰ ਖੂਬਸੂਰਤ ਵੰਨ-ਸੁਵੰਨੇ ਬੂਟਿਆਂ ਨਾਲ ਸ਼ਿੰਗਾਰਿਆ ਜੂਲਜ ਵਾਟਰ ਫਾਲ, ਇਨਡੋਰ ਬਟਰ ਫਲਾਈ ਗਾਰਡਨ, ਸਨਵਲਾਵਰ ਗਾਰਡਨ ਤੇ ਮੂਵੀ ਥੀਏਟਰ ਦੇਖਣਯੋਗ ਹਨ। ਏਅਰਪੋਰਟ ਦਾ ਸੁਹੱਪਣ ਨਿਹਾਰਦੇ ਬਾਹਰ ਨਿਕਲਣ ਲਈ ਇਮੀਗ੍ਰੇਸ਼ਨ ਕਾਊਂਟਰ ’ਤੇ ਪਹੁੰਚੇ। ਸਾਰੀ ਕਾਰਵਾਈ ਪੂਰੀ ਕਰਨ ਉਪਰੰਤ ਜਿਉਂ ਹੀ ਅਸੀਂ ਬਾਹਰ ਨਿਕਲੇ, ਸਾਹਮਣੇ ਸੰਸਥਾ ਦੇ ਨੁਮਾਇੰਦੇ ਵੱਲੋਂ ਸਾਡਾ ਸਵਾਗਤ ਕੀਤਾ ਗਿਆ ਤੇ ਬੱਸਾਂ ਵਿੱਚ ਬੈਠ ਕੇ ਸਾਨੂੰ ਹੋਟਲ ਵੱਲ ਲਿਜਾਇਆ ਗਿਆ। ਸਿੰਘਾਪੁਰ ਦੱਖਣੀ ਏਸ਼ੀਆ ਦੇ ਇੰਡੋਨੇਸ਼ੀਆ ਅਤੇ ਮਲੇਸ਼ੀਆ ਵਿਚਕਾਰ ਸਥਿਤ ਹੈ। ਇੱਥੇ ਅੰਗ੍ਰੇਜ਼ੀ ਅਤੇ ਚੀਨੀ ਭਾਸ਼ਾ ਵੱਧ



ਬੋਲੀ ਜਾਂਦੀ ਹੈ। ਇੱਥੇ ਲਿਟਲ ਇੰਡੀਆ ਮਸ਼ਹੂਰ ਬਾਜ਼ਾਰ ਹੈ, ਜੋ ਕਿ ਇੰਡੀਆ ਦੀ ਝਲਕ ਪੇਸ਼ ਕਰ ਰਿਹਾ ਸੀ। ਮੁਸਤਫਾ ਬਾਜ਼ਾਰ ਬਹੁਤ ਅਹਿਮ ਹੈ। ਇੱਥੇ ਕਾਰਡ ਸਵਾਈਪ ਕਰਵਾ ਕੇ ਬੱਸ, ਮੈਟਰੋ, ਟੈਕਸੀ ’ਚ ਕਿਤੇ ਵੀ ਸਫਰ ਕਰ ਸਕਦੇ ਹਾਂ। 25 ਤੋਂ 29 ਸਤੰਬਰ ਤੱਕ ਅਸੀਂ ਇੱਥੇ ਸਿੱਖਿਆ ਖੇਤਰ ਵਿੱਚ ਮਾਹਿਰ ਟ੍ਰੇਨਰਾਂ ਦੁਆਰਾ ਸਿਖਲਾਈ ਪ੍ਰਾਪਤ ਕੀਤੀ । ਸਵੇਰੇ 8 ਵਜੇ ਹੋਟਲ ਤੋਂ ਰਵਾਨਾ ਹੋ ਕੇ 8:30 ਵਜੇ ਸੰਸਥਾ ਵਿੱਚ ਪਹੁੰਚ ਜਾਂਦੇ, ਪੂਰੇ 9 ਵਜੇ ਟ੍ਰੇਨਿੰਗ ਸ਼ੁਰੂ ਹੋ ਜਾਂਦੀ ਸੀ। ਟ੍ਰੇਨਰ ਸਮੇਂ ਦੇ ਪੂਰੇ ਪਾਬੰਦ ਸੀ, ਰੋਜ਼ ਅਲੱਗ -ਅਲੱਗ ਵਿਸ਼ੇ ’ਤੇ ਸਿਖਲਾਈ ਦਿੱਤੀ ਜਾਂਦੀ ਸੀ, ਜੋ ਕਿ ਬਹੁਤ ਜਾਣਕਾਰੀ ਭਰਪੂਰ ਸੀ। ਇੱਕ ਦਿਨ ਉੱਥੋਂ ਦੇ ਸਰਕਾਰੀ ਸਕੂਲ ਦੀ ਵਿਜਿਟ ਕਰਵਾਈ ਗਈ, ਕਿਉਂਕਿ ਉੱਥੇ ਕੋਈ ਪ੍ਰਾਈਵੇਟ ਸਕੂਲ ਨਹੀਂ ਹੈ। ਸਕੂਲ ਵਿਜਿਟ ਦੌਰਾਨ ਸਕੂਲ ਪ੍ਰਿੰਸੀਪਲ ਅਤੇ ਵਾਈਸ ਪ੍ਰਿੰਸੀਪਲ ਦੁਆਰਾ ਸਾਡਾ ਸਵਾਗਤ ਕੀਤਾ ਗਿਆ, ਪ੍ਰਿੰਸੀਪਲ ਨੂੰ ਤਿੰਨ ਗਰੁੱਪਾਂ ਵਿੱਚ ਵੰਡ ਦਿੱਤਾ ਗਿਆ। ਸਾਰੇ ਗਰੁੱਪਾਂ ਦੀ ਅਗਵਾਈ ਪ੍ਰਿੰਸੀਪਲ ਅਤੇ ਵਾਈਸ ਪ੍ਰਿੰਸੀਪਲ ਕਰ ਰਹੇ ਸਨ । ਸਕੂਲ ਦੀ ਸੁੰਦਰਤਾ ਵੇਖਣਯੋਗ ਸੀ । ਸਕੂਲ ਆਧੁਨਿਕ ਤਕਨਾਲੋਜੀ ਨਾਲ ਲੈਸ ਸੀ, ਵਿਦਿਆਰਥੀਆਂ ਲਈ ਵੋਕੇਸ਼ਨਲ ਸਿੱਖਿਆ ਨੂੰ ਤਰਜੀਹ ਦਿੱਤੀ ਜਾਂਦੀ ਹੈ ਅਤੇ ਉਹਨਾਂ ਦੇ ਸਰਵਪੱਖੀ ਵਿਕਾਸ ਨੂੰ ਮਹੱਤਵ ਦਿੱਤਾ ਜਾਂਦਾ ਹੈ। ਮਾਪੇ ਸਿੱਖਿਆ ਵਿੱਚ ਪੂਰੀ ਸ਼ਮੂਲੀਅਤ ਕਰਦੇ ਹਨ। ਸਮੇਂ-ਸਮੇਂ ਸਕੂਲ ਪ੍ਰਬੰਧਕ ਨਾਲ ਸਲਾਹ ਮਸ਼ਵਰਾ ਕਰਨ ਆਉਂਦੇ ਹਨ। ਵਿਦਿਆਰਥੀ-ਅਧਿਆਪਕ ਗਿਣਤੀ 1:15 ਹੈ। ਸਿੱਖਿਆ ਦੇ ਖੇਤਰ ਵਿੱਚ ਵਿਦਿਆਰਥੀਆਂ ਦੀ ਰੁਚੀ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਸਿੰਘਾਪੁਰ ਸਿੱਖਿਆ ਦੇ ਖੇਤਰ ਵਿੱਚ ਅਹਿਮ ਭੂਮਿਕਾ ਰੱਖਦਾ ਹੈ। ਇੱਥੇ ਸਿੱਖਿਆ ਦੇ ਖੇਤਰ ਵਿੱਚ ਕਿਸੇ ਤਰ੍ਹਾਂ ਦੀ ਗਲਤੀ ਮਾਫੀ ਲਾਇਕ ਨਹੀਂ ਹੈ । ਸਕੂਲ ਦੀ ਸਾਫ-ਸਫਾਈ ਅਤੇ ਵਾਤਾਵਰਨ ਮਨ ਨੂੰ ਮੋਹ ਰਿਹਾ ਸੀ। ਵਿਦਿਆਰਥੀਆਂ ਨੂੰ ਸਕੂਲ ਵਿੱਚ ਦੇਸ਼ ਪ੍ਰੇਮ, ਨੈਤਿਕ ਕਦਰਾਂ-ਕੀਮਤਾਂ, ਵਾਤਾਵਰਨ ਪ੍ਰਤੀ ਆਪਣੇ ਫਰਜ਼ਾਂ ਪ੍ਰਤੀ ਜਾਗਰੂਕ ਕੀਤਾ ਜਾਂਦਾ ਹੈ।

29 ਸਤੰਬਰ ਨੂੰ ਪ੍ਰਿੰਸੀਪਲਾਂ ਦੁਆਰਾ ਸਿਖਲਾਈ ਸੰਬੰਧੀ ਪੀ.ਪੀ.ਟੀ ਪੇਸ਼ ਕੀਤੀ ਗਈ ਕਿ ਉਹਨਾਂ ਦੁਆਰਾ ਸਿਖਲਾਈ ਦੌਰਾਨ ਕੀ-ਕੀ ਸਿੱਖਿਆ ਗਿਆ ਤੇ ਆਪਣੇ ਸਕੂਲਾਂ ਵਿਚ ਇਸ ਨੂੰ ਕਿਸ ਤਰ੍ਹਾਂ ਲਾਗੂ ਕਰਨ ਗਏ। ਸਾਰੇ ਪ੍ਰਿੰਸੀਪਲਾਂ ਨੂੰ ਟ੍ਰੇਨਿੰਗ ਪੂਰੀ ਕਰਨ ਉਪਰੰਤ ਸਰਟੀਫਿਕੇਟ ਵੰਡੇ ਗਏ। 30 ਸਤੰਬਰ ਨੂੰ ਸਵੇਰੇ ਅਸੀਂ ਏਅਰਪੋਰਟ ਲਈ ਰਵਾਨਾ ਹੋ ਗਏ। ਦਿੱਲੀ ਏਅਰਪੋਰਟ ’ਤੇ ਪਹੁੰਚ ਕੇ ਇਮੀਗ੍ਰੇਸ਼ਨ ਦੀ ਕਾਰਵਾਈ ਪੂਰੀ ਕਰਨ ਉਪਰੰਤ ਸਾਰੇ ਪ੍ਰਿੰਸੀਪਲ ਆਪਣੇ-ਆਪਣੇ ਘਰਾਂ ਲਈ ਰਵਾਨਾ ਹੋ ਗਏ। ਸਿੰਘਾਪੁਰ ਦਾ ਸਿੱਖਿਅਕ ਟੂਰ ਆਪਣੇ-ਆਪ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਇਸ ਟੂਰ ਤੋਂ ਇਕ ਗੱਲ ਸਪੱਸ਼ਟ ਹੋਈ ਕਿ ਇੱਥੋਂ ਦੇ ਲੋਕ ਆਪਣੇ ਅਧਿਕਾਰਾਂ ਦੇ ਨਾਲ ਆਪਣੇ ਫਰਜ਼ਾਂ ਪ੍ਰਤੀ ਜਾਗਰੂਕ ਹਨ। ਉਸ ਦੇਸ ਦੀ ਤਰੱਕੀ ਦਾ ਕਾਰਨ ਵੀ ਇਹੀ ਹੈ। ਉਹ ਪਾਣੀ ਦੀ ਇੱਕ ਬੂੰਦ ਵੀ ਵਿਅਰਥ ਨਹੀਂ ਜਾਣ ਦਿੰਦੇ। ਜੇਕਰ ਅਸੀਂ ਆਪਣੇ ਬਾਰੇ ਗੱਲ ਕਰੀਏ ਤਾਂ ਸਾਡੇ ਮਨਾਂ ਵਿਚ ਮਿਲਵਰਤਣ ਪ੍ਰੇਮਭਾਵ ਬਹੁਤ ਹੈ, ਜਿਹੜਾ ਕਿਤੇ ਵੀ ਸੰਭਵ ਨਹੀਂ ਹੈ, ਕੁੱਝ ਦਿਨ ਬਾਅਦ ਆਪਣੇ ਦੇਸ਼ ਵਾਪਸ ਆਉਣ ਨੂੰ ਦਿਲ ਕਰਦਾ ਹੈ। ਫਰਕ ਸਿਰਫ ਇਹ ਹੈ ਕਿ ਅਸੀਂ ਆਪਣੇ ਅਧਿਕਾਰਾਂ ਬਾਰੇ ਤਾਂ ਜਾਣਦੇ ਹਾਂ, ਪਰੰਤੂ ਸਾਡੇ ਸਮਾਜ, ਦੇਸ਼ ਪ੍ਰਤੀ ਕੀ ਜ਼ਿੰਮੇਵਾਰੀ ਹੈ, ਉਹ ਨਹੀਂ ਪਤਾ। ਅਸੀਂ ਚਾਹੁੰਦੇ ਹਾਂ ਕਿ ਸਾਰੇ ਕੰਮ ਸਰਕਾਰਾਂ ਕਰਨ। ਜੇਕਰ ਹਰ ਮਨੁੱਖ, ਹਰ ਪਰਵਾਰ ਆਪਣੇ-ਆਪ ਨੂੰ ਦੇਸ਼ ਪ੍ਰਤੀ, ਰਾਜ ਪ੍ਰਤੀ ਸਮਰਪਿਤ ਕਰਨ ਤਾਂ ਅਸੀਂ ਵੀ ਸਭ ਕੁਝ ਪ੍ਰਾਪਤ ਕਰ ਸਕਦੇ ਹਾਂ। ਅਸੀਂ ਧੰਨਵਾਦੀ ਹਾਂ ਆਪਣੇ ਮੁੱਖ ਮੰਤਰੀ ਸਾਹਿਬ ਅਤੇ ਸਿੱਖਿਆ ਮੰਤਰੀ ਪੰਜਾਬ ਜੀ ਦਾ ਜਿਨ੍ਹਾਂ ਨੇ ਇਹ ਨਿਵੇਕਲਾ ਉਪਰਾਲਾ ਕੀਤਾ। ਵਿਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣਾ ਜ਼ਰੂਰੀ ਹੈ, ਕਿਉਂਕਿ ਸੰਸਾਰੀਕਰਨ ਅਜੋਕੇ ਸਮੇਂ ਨੂੰ ਆਪਣੀ ਲਪੇਟ ਵਿੱਚ ਲੈਣ ਲਈ ਖੜ੍ਹਾ ਹੈ। ਦਿਨ ਪ੍ਰਤੀ ਦਿਨ ਮਨੁੱਖ ਦੀਆਂ ਜ਼ਰੂਰਤਾਂ ਬਦਲ ਰਹੀਆਂ ਹਨ ਅਤੇ ਇਹਨਾਂ ਦੀ ਪੂਰਤੀ ਵਾਸਤੇ ਸਾਨੂੰ ਭਵਿੱਖਮੁਖੀ ਹੋਣਾ ਚਾਹੀਦਾ ਹੈ। ਜੇਕਰ ਅਧਿਆਪਕ ਅਤੇ ਮਾਪੇ ਮਿਲ ਕੇ ਕੋਸ਼ਿਸ਼ ਕਰਨ ਤਾਂ ਯਕੀਨਨ ਤੌਰ ’ਤੇ ਪੰਜਾਬ ਸਿੱਖਿਆ ਦੇ ਖੇਤਰ ਵਿਚ ਮਾਡਲ ਸੂਬਾ ਬਣ ਸਕੇਗਾ।

*ਸੰਪਰਕ : 99146-97976*

